# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ


ਅਕਤੂਬਰ ੧੯੭੬

OCT 1976




ਦਿਲੀ ਵਿਖੇ ਗੁਰੂ ਤੇਗ ਬਹਾਦਰ ਜੀ ਦੇ ਖ਼ੂਨੀ ਸਾਕਾ ਵਰਤਾਏ ਜਾਣ ਤੋਂ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਦੋ-ਫਾੜ ਕੀਤਾ ਗਿਆ । ਸਰੀਰ ਦੇ ਦੋਹਾਂ ਫਾੜਾਂ ਵਿਚੋਂ ਜਪੁਜੀ ਦੀ ਗੂੰਜ ਅੰਤ ਤਕ ਗੂੰਜਦੀ ਰਹੀ ।


www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ- ੧੭-੧੦-੬੮ ਅ. ਪ.) ਅਨੁਸਾਰ 'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


ਯਕ ਨਿਗਾਹੇ ਲੁਤਫ਼ਿ ਤੋ (ਫ਼ਾਰਸੀ ਗ਼ਜ਼ਲ) — ਭਾਈ ਨੰਦ ਲਾਲ ਜੀ ੧
ਤੇਰੀ ਇਕ ਮਿਹਰਾਂ ਦੀ ਤਕਣੀ (ਪੰਜਾਬੀ ਕਾਵਿ ਰੂਪ) — ਸ: ਵਿਧਾਤਾ ਸਿੰਘ ਜੀ ਤੀਰ ੨
ਗੁਰਮੁਖਾਂ ਦੇ ਦੁਆਲੇ ਚੌਂਕੀ (੧) — ਭਾਈ ਸਾਹਿਬ ਰਣਧੀਰ ਸਿੰਘ ਜੀ ੩
ਕਲਗੀਆਂ ਵਾਲੇ ਦੀ ਛੱਬੀ — ਪ੍ਰੋਫ਼ੈਸਰ ਪੂਰਨ ਸਿੰਘ ਜੀ ੬
ਗੁਰ - ਦੀਖਿਆ - ਅੰਮ੍ਰਿਤ — ਭਾਈ ਸਾਹਿਬ ਜੋਗਿੰਦਰ ਸਿੰਘ ਜੀ ੧੦
ਪੰਥਕ ਗੁਰਮਤੇ ਦੀ ਲੋੜ — ਖ਼ਾਲਸਾ ਐਡਵੋਕੇਟ ੧੫
ਬਿਨ ਮਨ ਸਾਧੇ ਨਾਮ ਅਰਾਧੇ (ਕਵਿਤਾ) — ਸ: ਸਾਧੂ ਸਿੰਘ ਜੀ ਸੂਫ਼ੀ ੧੭
ਜਿਉਂ ਕਰ ਸੂਰਜ ਨਿਕਲਿਆ — ਭਾਈ ਸਾਹਿਬ ਰਾਮ ਸਿੰਘ ਜੀ ੧੮
ਬਾਂਹਿ ਜਿਨ੍ਹਾਂ ਦੀ ਪਕੜੀਏ (੨) — ਕੈਪਟਨ ਸਵਰਨ ਸਿੰਘ ਜੀ ੧੯
ਧੜੇਬੰਦੀਆਂ ਦੀ ਲਾਹਨਤ ਤੇ ਗੁਰਦੁਆਰਾ ਪ੍ਰਬੰਧ — 'ਸੂਰਾ' ਪਰਵਾਰ ੨੬
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ (੩) — ਭਾਈ ਸਾਹਿਬ ਡਾ: ਵੀਰ ਸਿੰਘ ਜੀ ੨੭
ਬੀਬੀ ਮਥੋ ਜੀ — ਸ: ਵਰਿਆਮ ਸਿੰਘ ਜੀ, ਦਿਲੀ ੨੯
ਬਾਣੀ ਬਿਰਲਉ ਬੀਚਾਰਸੀ — ਸ: ਮਾਲਕ ਸਿੰਘ ਜੀ, ਜੰਮੂ ੩੨
ਕੀ ਝਟਕਾ ਖਾਣ ਵਾਲੇ ਵੀਰ ਉਤਰ ਦੇਣਗੇ ? — ਜੇ. ਪੀ. ਸੰਗਤ ਸਿੰਘ ਜੀ ੩੫
ਜੀਵ ਈਸ਼ ਦਾ ਵਿਛੋੜਾ (ਕਵਿਤਾ) — ਸ. ਦੇਵਾ ਸਿੰਘ ਜੀ ਕਿਰਤੀ ੩੮
ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ — 'ਸੂਰਾ' ਪਰਵਾਰ ੩੯


ਗੁਰੂ ਰਾਮਦਾਸ ਜੀ ਅਵਤਾਰ ਧਾਰਿਆ ੧੦ ਅਕਤੂਬਰ — ਗੁਰੂ ਹਰਿਕ੍ਰਿਸ਼ਨ ਜੀ ਗੁਰਿਆਈ ਮਿਲੀ ੧੭ ਅਕਤੂਬਰ
ਗੁਰੂ ਹਰਿ ਰਾਇ ਜੀ ਜੋਤੀ ਜੋਤਿ ਸਮਾਏ ੧੭ ਅਕਤੂਬਰ — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗਦੀ ਨੰਦੇੜ ੨੪ ਅਕਤੂਬਰ
ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ ੨੭ ਅਕਤੂਬਰ

## ਪਦ ਛੇਦ ਬੀੜਾਂ ਸੰਬੰਧੀ ਗੁਰਮਤਾ

ਮਿਤੀ 1.9.76. ਨੂੰ ਅਖੰਡ ਕੀਰਤਨੀ ਜੱਥਾ ਬਟਾਲਾ ਵਲੋਂ ਨਿਰੰਕਾਰੀ ਵਿਆਹ ਪੁਰਬ ਸਮਾਗਮ ਸਮੇਂ ਭਰੇ ਦੀਵਾਨ ਵਿਚ ਸਰਬ ਸੰਮਤੀ ਨਾਲ ਗੁਰਮਤਾ ਪਾਸ ਕੀਤਾ ਗਿਆ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ ਪਦ ਛੇਦ ਬੀੜ ਛਾਪਣ ਦਾ ਵਿਚਾਰ ਫ਼ੌਰਨ ਬੰਦ ਕਰ ਦੇਵੇ।

## ਸੂਰਾ ਮਾਸਕ ਪੱਤਰ ਨੂੰ ਸਹਾਇਤਾ

ਸ: ਜਗਤਾਰ ਸਿੰਘ ਜੀ ਨਵੀਂ ਦਿਲੀ ਵਲੋਂ ਸ: ਮਹਿੰਦਰਪ੍ਰਤਾਪ ਸਿੰਘ ਦੀ ੧੮ਵੀਂ ਬਰਸੀ ਸਮੇਂ ੧੧-੦੦
ਸ: ਦੇਵਿੰਦਰ ਸਿੰਘ ਜੀ ਰੰਧਾਵਾ ਐਡਵੋਕੇਟ ਹੁਸ਼ਿਆਰਪੁਰ ਵਲੋਂ ਆਪਣੇ ਪਿਤਾ ਸ: ਹਰਬੰਸ ਸਿੰਘ ਜੀ ਅਤੇ ਮਾਤਾ ਬਸੰਤ ਕੌਰ ਜੀ ਦੀ ਯਾਦ ਵਿਚ ੨੧-੦੦
ਸ: ਨਿਰਮਲ ਸਿੰਘ ਜੀ ਅਜੀਤ ਨਗਰ, ਅੰਮ੍ਰਿਤਸਰ ਵਲੋਂ ਕੀਰਤਨ ਸਮਾਗਮ ਦੀ ਖ਼ੁਸ਼ੀ ਵਿਚ ੧੧-੦੦

ਵਾਹਿਗੁਰੂ ਸਭ ਪਿਆਰਿਆਂ ਨੂੰ ਨਾਮ ਦਾਨ, ਸਿਖੀ ਸਿਦਕ ਅਤੇ ਆਪਣੇ ਚਰਨਾਂ ਦੀ ਪ੍ਰੀਤ ਬਖ਼ਸ਼ੇ।


ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨੯.੯.੭੬ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 51847


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ਸਲਾਨਾ ਚੰਦਾ ੮–੦੦
ਪਰਦੇਸ ੧੮–੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦–੭੫


ੴ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ


**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੧੦ ਅਕਤੂਬਰ ੧੯੭੬ ਅੰਕ ੧੦


## ਯਕ ਨਗਾਹਿ ਲੁਤਫ਼ਿ ਤੋ

ਮਸਤ ਰਾ, ਬਾ ਜਾਮਿ ਰੰਗੀਂ, ਇਹਤਿਆਜ।
ਤਿਸ਼ਨਾ ਰਾ, ਬਾ ਆਬਿ ਸ਼ੀਰੀਂ ਇਹਤਿਆਜ॥੧॥
ਸੁਹਬਤਿ ਮਰਦਾਨਿ ਹੱਕ, ਬਸ ਅਨਵਰ ਅਸਤ।
ਤਾਲਬਾਂ ਰਾ, ਹਸਤ ਚੰਦੀਂ, ਇਹਤਿਆਜ॥੨॥
ਅਜ਼ ਤਬੱਸੁਮ ਕਰਦਾ-ਈ, ਗੁਲਸ਼ਨ ਜਹਾਂ।
ਹਰ ਕਿ ਦੀਦਸ਼, ਕੈ ਬ-ਗੁਲਚੀਂ, ਇਹਤਿਆਜ॥੩॥
ਯਕ ਨਗਾਹਿ ਲੁਤਫ਼ਿ ਤੋ, ਦਿਲ ਮੇ ਬੁਰਦ।
ਬਾਜ਼ ਮੇ ਦਾਰਮ, ਅਜ਼ਾਂ ਈਂ ਇਹਤਿਆਜ॥੪॥
ਨੇਸਤ "ਗੋਇਆ" ਗ਼ੈਰ ਤੋ, ਦਰ ਦੋ ਜਹਾਂ।
ਬਾ ਤੋ ਦਾਰਮ, ਅਜ਼ ਦਿਲੋ ਦੀਂ ਇਹਤਿਆਜ॥੫॥

ਪੰਜਾਬੀ ਉਲਥਾ ਵੇਖੋ ਸਫ਼ਾ ੨] [ਭਾਈ ਨੰਦ ਲਾਲ ਜੀ, ਗ਼ਜ਼ਲ ੧੬


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ


www.AKJ.Org

# ਤੇਰੀ ਇਕ ਮਿਹਰਾਂ ਦੀ ਤਕਣੀ

ਜਿਦਾਂ ਦਿਲਾਂ ਤੋਂ ਸ਼ਰਬਤ ਚਾਹਵੇ, ਪਲ ਪਲ ਕੋਈ ਪਿਆਸਾ।
ਤਿਵੇਂ ਰੰਗੀਨ ਪਿਆਲੇ ਦੀ ਹੀ, ਫ਼ੱਕਰ ਰਖਦੇ ਆਸਾ ॥੧॥

ਰੱਬ-ਪੂਜਾਂ ਦੀ ਸੰਗਤ ਬਸ ਹੈ, ਦੁਨੀਆ ਵਿਚ ਨੂਰਾਨੀ।
ਰੱਬ-ਢੂੰਡਾਊ ਏਹੋ ਮੰਗੇ, ਲੋੜ ਸਮਝ ਲਾਸਾਨੀ ॥੨॥

ਤੂੰ ਮੁਸਕਾ ਕੇ ਦੁਨੀਆ ਕੀਤੀ, ਮਹਿਕੀ, ਖਿੜੀ ਕਿਆਰੀ।
ਜਿਸ ਵੇਖੀ, ਉਸ ਲਈ ਫੁਲੇਰਾ, ਫਿਰ ਤੱਕਣਾ ਕਿਸ ਕਾਰੀ ॥੩॥

ਤੇਰੀ ਇਕ ਮਿਹਰਾਂ ਦੀ ਤੱਕਣੀ, ਖੋਹ ਕੇ ਦਿਲ ਲੈ ਜਾਵੇ।
ਇਹ ਦਿਲ ਮੇਰਾ ਆਸ਼ਕ ਤੇਰਾ, ਤਾਹੀਏਂ ਤੱਕਣੀ ਚਾਹਵੇ ॥੪॥

''ਗੋਇਆ'' ਦੂਹਾਂ ਜਹਾਨਾਂ ਅੰਦਰ, ਬਸ ਤੈਨੂੰ ਹਾਂ ਲੱਖਦਾ।
ਲੋਕ ਅਤੇ ਪਰਲੋਕ ਲਈ ਹਾਂ, ਲੋੜ ਤੇਰੀ ਹੀ ਰੱਖਦਾ ॥੫॥

[ ਸ: ਵਿਧਾਤਾ ਸਿੰਘ ਜੀ 'ਤੀਰ'

# ਫ਼ਾਰਸੀ ਗ਼ਜ਼ਲ ਦੇ ਔਖੇ ਪਦਾਂ ਦੇ ਅਰਥ

ਮਸਤ ਰਾ—ਰੰਗ-ਰਤੇ ਗੁਰਮੁਖ ਨੂੰ। ਬਾ ਜਾਮਿ ਰੰਗੀਂ—ਨਾਮ ਦੇ ਰੰਗ-ਰਤੇ ਪਿਆਲੇ ਨਾਲ। ਇਹਤਿਆਜ—ਲੋੜ, ਚਾਹਨਾ, ਖਿਚ। ਤਸ਼ਨਾ ਰਾ—ਪਿਆਸੇ ਨੂੰ। ਬਾ—ਨਾਲ। ਆਬਿ ਸ਼ੀਰੀਂ—ਮਿੱਠਾ ਪਾਣੀ। ਵਾਹਿਗੁਰੂ ਦੇ ਰੰਗ ਵਿਚ ਰਤਿਆਂ ਨੂੰ ਨਾਮ-ਰੰਗ ਦੀ ਇਵੇਂ ਖਿਚ ਰਹਿੰਦੀ ਹੈ ਜਿਵੇਂ ਪਿਆਸੇ ਮਨੁਖ ਨੂੰ ਠੰਢੇ ਮਿਠੇ ਪਾਣੀ ਦੀ।੧।

ਸੁਹਬਤ—ਸੰਗਤ। ਮਰਦਾਨਿ ਹੱਕ—ਸੱਚੇ ਸਾਈਂ ਦੇ ਬੰਦੇ, ਗੁਰਮੁਖ ਜਨ। ਬਸ—ਬਹੁਤ। ਅਨਵਰ—ਪ੍ਰਕਾਸ਼ਮਾਨ, ਨੂਰਾਨੀ। ਅਸਤ—ਹੈ। ਤਾਲਬਾਂ ਰਾ—ਲੋੜਵੰਦਾਂ ਨੂੰ, ਸੱਚ ਦੇ ਢੂੰਡਾਊਆਂ ਨੂੰ। ਹਸਤ—ਹੈ। ਚੰਦੀਂ—ਇਤਨੀ, ਭਾਵ ਬਹੁਤੀ। ਰੱਬੀ ਬੰਦਿਆਂ ਦੀ ਸੰਗਤ ਬਹੁਤ ਹੀ ਨੂਰਾਨੀ ਹੈ ਅਤੇ ਇਸ ਮਾਰਗ ਦੇ ਖੋਜੀਆਂ ਨੂੰ ਉਸ ਸੰਗਤ ਦੀ ਬੜੀ ਚਾਹਨਾ ਹੁੰਦੀ ਹੈ।੨।

ਅਜ਼—ਤੋਂ। ਤਬੱਸੁਮ—ਮੁਸਕ੍ਰਾਹਟ। ਕਰਦਾ-ਈ—ਤੂੰ ਕੀਤਾ ਹੈ। ਗੁਲਸ਼ਨ—ਬਗ਼ੀਚਾ। ਜਹਾਂ—ਸੰਸਾਰ। ਹਰ ਕਿ—ਜਿਸ ਕਿਸੇ। ਦੀਦਸ਼—ਉਸ ਨੂੰ ਵੇਖਿਆ। ਕੈ—ਕਾਂ। ਗੁਲਚੀਂ—ਮਾਲੀ। (ਹੇ ਸਤਿਗੁਰੂ !) ਤੂੰ ਆਪਣੀ ਮੁਸਕ੍ਰਾਹਟ ਨਾਲ ਸੰਸਾਰ ਨੂੰ ਫੁਲਵਾੜੀ ਬਣਾ ਦਿਤਾ ਹੈ। ਜਿਸ ਕਿਸੇ ਨੇ ਵੀ ਤੇਰਾ ਦਰਸ਼ਨ ਕੀਤਾ, ਉਸ ਨੂੰ ਕਿਸੇ ਹੋਰ ਮਾਲੀ ਦੀ ਕੀ ਲੋੜ ?।੩।

ਯਕ—ਇਕ। ਨਿਗਹਿ—ਦ੍ਰਿਸ਼ਟੀ। ਲੁਤਫ਼ਿ—ਅਨੰਦ। ਮੇ ਬੁਰਦ—ਲੈ ਜਾਂਦੀ ਹੈ। ਬਾਜ਼—ਮੁੜ, ਫਿਰ। ਮੇ ਦਾਰਮ—ਮੈਂ ਰਖਦਾ ਹਾਂ। ਅਜ਼ਾਂ—ਉਸ ਤੋਂ। ਈਂ—ਇਹ। ਤੇਰੀ ਇਕ ਅਨੰਦ ਭਰੀ ਤਕਣੀ ਦਿਲ ਚੁਰਾ ਕੇ ਲੈ ਜਾਂਦੀ ਹੈ, ਪਰ ਮੈਂ ਫਿਰ ਫਿਰ ਉਸੇ ਦੀ ਚਾਹਨਾ ਰਖਦਾ ਹਾਂ।੪।

ਨੇਸਤ—ਨਹੀਂ ਹੈ। ਗ਼ੈਰਿ ਤੋ—ਤੇਰੇ ਤੋਂ ਬਗ਼ੈਰ। ਦਰ ਦੋ ਜਹਾਂ—ਦੋ ਜਹਾਨਾਂ ਵਿਚ। ਬਾ- ਨਾਲ। ਦਾਰਮ—ਮੈਂ ਰਖਦਾ ਹਾਂ। ਦੀਂ—ਦੀਨ, ਧਰਮ। (ਹੇ ਸਤਿਗੁਰੂ) ਮੈਂ ਗੋਇਆ ਲਈ ਤੇਰੇ ਤੋਂ ਬਗ਼ੈਰ ਦੋਹਾਂ ਜਹਾਨਾਂ ਵਿਚ ਹੋਰ ਕੋਈ ਨਹੀਂ। ਮੈਂ ਦਿਲ ਤੋਂ ਆਪਣੇ ਧਰਮ ਲਈ ਤੇਰੀ ਹੀ ਲੋਚਾ ਰਖਦਾ ਹਾਂ।੫।



www.AKJ.Org

# ਗੁਰਮੁਖਾਂ ਦੇ ਦੁਆਲੇ ਚੌਕੀ

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਗੁਰ ਕਾ ਸਬਦੁ ਰਖਵਾਰੇ ॥ ਚਉਕੀ ਚਉ-
ਗਿਰਦ ਹਮਾਰੇ ॥ ਰਾਮ ਨਾਮਿ ਮਨੁ ਲਾਗਾ ॥
ਜਮੁ ਲਜਾਇ ਕਰਿ ਭਾਗਾ ॥੧॥

[ਸੋਰਠਿ ਮ: ੫, ਪੰਨਾ ੬੨੬

ਗੁਰ ਕਾ ਸ਼ਬਦ, ਗੁਰਮਤਿ ਨਾਮ 'ਵਾਹਿਗੁਰੂ' ਜੋ ਗੁਰਮੁਖਿ ਜਨ ਸੁਆਸਿ ਸੁਆਸਿ ਆਰਾਧਦੇ ਰਹਿੰਦੇ ਹਨ, ਉਨ੍ਹਾਂ ਦਾ ਵਾਹਿਗੁਰੂ ਨਾਮ ਹਰ-ਬਾਬ ਰਖਵਾਲਾ ਹੁੰਦਾ ਹੈ। ਉਹਨਾਂ ਦੇ ਚੁਗਿਰਦੇ ਮਾਨੋ ਚਉਕੀਦਾਰ ਵਾਲਾ ਪਹਿਰਾ ਹਰ ਵਕਤ ਲੱਗਾ ਰਹਿੰਦਾ ਹੈ। ਤਾਂ ਤੇ ਜਿਨ੍ਹਾਂ ਦਾ ਚਿਤ ਵਾਹਿਗੁਰੂ ਨਾਮ ਵਿਚ ਖੁਭਿਆ ਰਹਿੰਦਾ ਹੈ ਉਹਨਾਂ ਦੇ ਗਿਰਦੇ ਸਦਾ ਨਾਮ-ਰੂਪੀ ਸਚੇ ਰਖਵਾਲੇ ਦੀ, ਚਉਕੀਦਾਰੇ ਦੀ ਪਹਿਰੇ ਰੂਪ ਚਉਕੀ ਪਾਈ ਹੋਈ ਹੋਣ ਕਰਕੇ, ਜਮ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ, ਛਿੱਥਾ ਪੈ ਕੇ ਨਸ ਜਾਂਦਾ ਹੈ। ਇਹ ਅਚਰਜ ਚੁਲੇਭਲੀ ਚਉਕੀ ਉਦਿਆਣ ਵਿਚ ਬੈਠੇ ਨਾਮ-ਰਤੇ ਸਮਾਧਿ-ਸਥਿਤੀਆਂ ਦੇ ਦੁਆਲੇ ਉਸਰੀ ਹੋਈ ਕਈ ਨਾਮ ਰਤੜਿਆਂ ਗੁਰਸਿਖਾਂ ਦੇ ਤਜਰਬੇ ਵਿਚ ਦੇਖਣੀ ਆਈ ਹੈ। ਉਹ ਘੋਰ ਬਨਾਂ ਕੰਦਰਾਂ ਵਿਚ ਬੈਠੇ ਸੱਚੇ ਨਾਮ ਦੀ ਸੱਚੀ ਤਪੱਸਿਆ ਕਰਦੇ ਹੋਏ, ਏਸ ਚਉਕੀ ਦੇ ਆਸਰੇ ਨਿਸਚਿੰਤ ਸਮਾਧੀ ਲਾ ਕੇ ਅਸਥਿਤ ਬੈਠੇ ਰਹਿੰਦੇ ਹਨ। ਉਪਰੋਂ ਕਾਲੀ ਰਾਤ ਪੈ ਜਾਵੇ, ਕਾਲੀ ਬੋਲੀ, ਤਾਂ ਭੀ ਉਹਨਾਂ ਨੂੰ ਕਿਸੇ ਅਲਾ ਬਲਾ ਦਾ ਖ਼ਤਰਾ ਨਹੀਂ ਰਹਿੰਦਾ। ਅੰਤੀ ਚਲਾਣੇ ਸਮੇਂ ਭੀ, ਅਰਥਾਤ ਇਸ ਸੰਸਾਰ ਅਸਾਰ ਤੋਂ ਚਾਲੇ ਪਾਉਣ ਸਮੇਂ ਭੀ ਇਹ ਚਉਗਿਰਦੀ ਸੱਚੀ ਚਉਕੀ ਆਤਮ-ਤੇਜਤਾ ਦੀ ਦਿਬਤਾ ਵਿਚ, ਆਤਮਾ ਦੇ ਨਾਲ ਹੀ ਜਾਂਦੀ ਹੈ। ਤਾਂ ਤੇ ਜਿਨ੍ਹਾਂ ਗੁਰਮੁਖਾਂ ਦਾ ਮਨ ਵਾਹਿਗੁਰੂ ਨਾਮ ਵਿਚ ਹੀ ਅੰਤੀ ਅਉਸਰ ਸੁਰਤਿ ਬ੍ਰਿਤਾਸਨ ਲਗਿਆ ਹੋਇਆ ਹੁੰਦਾ ਹੈ, ਉਹਨਾਂ ਦੇ ਨਾਲ ਹੀ ਇਹ ਤਤ-ਰਖਵਾਲੀ ਵਾਲੀ ਚਉਕੀ ਜਾਂਦੀ ਹੈ, ਅੰਗ ਸੰਗ ਸਹਾਈ ਹੋ ਕੇ। ਜਮੁ ਬਪੁੜਾ ਦੂਰੋਂ ਹੀ ਪਸ਼ੇਮਾਨ ਹੋ ਕੇ ਭਜ ਜਾਂਦਾ ਹੈ। ਨੇੜੇ ਆਉਣਾ ਹੀ ਨਹੀਂ ਪਾਉਂਦਾ। ਗੁਰੂ ਪੰਚਮ ਪਾਤਸ਼ਾਹ ਆਪਣਾ ਹਡ ਵਰਤਿਆ ਤਜਰਬਾ ਦਸਦੇ ਹਨ, "ਚਉਕੀ ਚਉਗਿਰਦ ਹਮਾਰੇ" ਵਾਲੀ ਪੰਗਤੀ ਇਸ ਗੁਰਵਾਕ ਵਿਖੇ ਆਈ ਦਸਦੀ ਹੈ ਕਿ ਗੁਰੂ ਸਾਹਿਬ ਅਰਜਨ ਦੇਵ ਜੀ ਨੇ ਇਹ ਤਜਰਬਾ ਆਪ ਨਿਜ ਦਿਬ-ਦ੍ਰਿਸ਼ਟੀ ਦੁਆਰੇ ਦੇਖਿਆ ਪਰਖਿਆ ਹੈ। ਸਚਮੁਚ ਨਾਮ ਜਪਣ ਸਮੇਂ ਗੁਪਤ ਦਿਬਤਾਰੀ ਪਹਿਰੇ ਪੱਕੀ ਮੁਹਕਮਤਾ ਵਿਚ ਨਾਮ-ਅਭਿਆਸੀਆਂ ਦੇ ਦੁਆਲੇ ਲਗੇ ਰਹਿੰਦੇ ਹਨ ਤੇ ਲਗੇ ਹੀ ਚਲੇ ਜਾਂਦੇ ਹਨ। ਤਿਨ੍ਹਾਂ ਨੂੰ ਹਰ ਪਰਕਾਰ ਦੀ ਰਖਵਾਲੀ ਅਮਰੋਂ ਹੀ ਪ੍ਰਾਪਤ ਰਹਿੰਦੀ ਹੈ। ਖ਼ੌਫ ਤੇ ਖ਼ਤਰਾ ਕਿਸੇ ਪਰਕਾਰ ਦਾ ਤਿਨ੍ਹਾਂ ਨੂੰ ਨਹੀਂ ਰਹਿੰਦਾ। ਇਹ ਗੱਲ ਸਚ ਕਰਿ ਮੰਨਣੀ ਜੀ।

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥੩॥ ਜਿਸੁ ਦੇਵੈ
ਪੁਰਖੁ ਬਿਧਾਤਾ ॥ ਹਰਿ ਰਸੁ ਤਿਨ ਹੀ
ਜਾਤਾ ॥ ਜਮ ਕੰਕਰੁ ਨੇੜਿ ਨ ਆਇਆ ॥
ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥

[ਸੋਰਠਿ ਮ: ੫, ਪੰਨਾ ੬੨੪

ਵਿਆਖਿਆ :—ਵਾਹਿਗੁਰੂ ਦਾ ਰਾਤ ਦਿਨ ਜਸ ਗਾਵਣਹਾਰਿਆਂ,ਕੀਰਤਨ ਕਰਨ-ਹਾਰਿਆਂ ਦਾ ਆਵਾ-ਗਵਨ ਦਾ ਸਿਲਸਿਲਾ ਮੁਕ ਜਾਂਦਾ ਹੈ। ਕੋਈ ਅਕਹਿ ਰਸ ਹੁੰਦਾ ਹੈ, ਜਿਸ ਵਿਚ ਲੀਨ ਹੋਏਵੇ ਗੁਰਮੁਖ ਜਨ ਦਿਨ ਰਾਤ ਕੀਰਤਨ ਕਰਦੇ ਥਕਦੇ ਨਹੀਂ। ਸਿਫ਼ਤ ਸਲਾਹ ਵਿਚ ਹੀ ਸਾਵਧਾਨ ਰਹਿੰਦੇ ਹਨ। ਵਾਹਿਗੁਰੂ ਨਾਮ ਦਾ ਤੱਤ ਰਸ ਤਿਨ੍ਹਾਂ ਨੂੰ ਹੀ ਆਉਂਦਾ ਹੈ ਜਿਨ੍ਹਾਂ ਨੂੰ ਵਾਹਿਗੁਰੂ ਆਪ ਇਸ ਰਸ ਦੀ ਦਾਤ ਤੁੱਠ ਕੇ ਕਰਦਾ ਹੈ। ਇਸ ਰਸ ਵਿਚ ਲੀਨ ਹੋਏਵੇ ਹੀ ਓੜਕ ਅੰਤੀ ਅਉਸਰ ਸਦ ਸਰਣਾਗਤੀ ਸਚੇ ਸੁਖ ਅਬਦੀ ਵਿਚ ਸਮਾ ਜਾਂਦੇ ਹਨ। ਸਰੀਰ ਤਿਆਗ ਕੇ ਜਦੋਂ



www.AKJ.Org

ਪਰਲੋਕ ਪਿਆਨੇ ਕਰਦੇ ਹਨ, ਤਿਨ੍ਹਾਂ ਦੇ ਉਹ ਜਮ-ਕੰਕਰ ਨੇੜੇ ਨਹੀਂ ਫਟਕਣਾ ਪਾਉਂਦਾ, ਜੋ ਆਮ ਸੰਸਾਰੀਆਂ ਦੇ ਮਰਨ ਸਮੇਂ ਚੁਰਾਸੀ ਦੇ ਜੀਵਾਂ ਦੇ ਆ ਦੁਆਲੇ ਹੁੰਦਾ ਹੈ। ਜਮ-ਜੰਦਾਰ ਪ੍ਰਥਾਇ ਬਾਰੰਬਾਰ ਅਨੇਕ ਗੁਰਵਾਕਾਂ ਅੰਦਰ ਇਤਨਾ ਜ਼ੋਰਦਾਰ ਜ਼ਿਕਰ ਆਉਣਾ ਸਿਧ ਕਰਦਾ ਹੈ ਕਿ ਜਮ ਦੀ ਹਸਤੀ ਜ਼ਰੂਰ ਹੈ। ਤਦੇ ਤਾਂ ਇਤਨਾ ਜ਼ੋਰ ਦਿੱਤਾ ਗਿਆ ਹੈ। ਫੇਰ ਭੀ ਜੇ ਬੇ-ਯਕੀਨਿਆਂ ਨੂੰ ਯਕੀਨ ਨ ਆਵੇ ਤਾਂ ਇਹ ਉਹਨਾਂ ਦੀ ਮਨਮੁਖਤਾ ਅਤੇ ਮਤਸਰਤਾ ਦਾ ਪੱਕਾ ਸਬੂਤ ਹੈ। ਜਮ ਦੀ ਹੋਂਦ ਦੇ ਸਬੂਤ ਵਿਚ ਕੋਈ ਸ਼ਕ ਨਹੀਂ ਰਹਿ ਗਿਆ।

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ
ਸਗਲ ਬਿਨਾਸੀ ॥ ਤਬ ਨਾਨਕ ਚੇਤਿਓ
ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥

[ਸੋਰਠ ਮ: ੯, ਪੰਨਾ ੬੩੩

ਗੁਰੂ ਘਰ ਵਿਚ ਆ ਕੇ ਗੁਰੂ ਰੂਪੀ ਸਚੇ ਸਾਧ ਦੀ ਪ੍ਰਾਪਤੀ ਹੋਣ ਕਰਿ ਹੀ, ਮਨ ਦੀ ਸਾਰੀ ਦੁਰਮਤਿ ਦਾ ਨਾਸ ਹੁੰਦਾ ਹੈ, ਕਿਉਂਕਿ ਓਥੇ ਗੁਰਮਤਿ ਨਾਮ ਦੀ ਪੱਕੀ ਦੀਖਿਆ ਮਿਲਣ ਕਰਿ, ਪਾਰਸ ਰਸਾਇਣੀ ਮੁਅਜਜ਼ਾ ਵਰਤਦਾ ਹੈ। ਗੁਰੂ ਅਤੇ ਗੁਰਮਤਿ ਨਾਮ ਰੂਪੀ ਪਾਰਸ ਭੇਟਣ ਕਰਿ, ਜਗਿਆਸੂ ਜਨ ਦਾ ਮਨ ਕੰਚਨ ਚੰਦਨ ਵਤ ਹੋ ਜਾਂਦਾ ਹੈ। ਉਸ ਦੀ ਗੁਰਮਤਿ ਮਤਿ ਦਾ ਵਿਗਾਸ ਅਵਸ਼ਯ ਹੋਣਾ ਹੀ ਸੀ, ਸੋ ਹੋ ਜਾਂਦਾ ਹੈ। ਗੁਰੂ-ਸਾਧ ਰੂਪੀ ਪਾਰਸ ਭੇਟਣ ਸਾਰ ਹੀ ਇਹ ਚੁੰਭਕ ਕਲਾ ਵਰਤ ਜਾਂਦੀ ਹੈ ਕਿ ਤੁਰਤ ਫੁਰਤੀ ਹੀ ਚਿੰਤਾਮਣੀ-ਨਾਮ ਦੀ ਜੋਤਿ-ਬਿਜਲਾਣੀ-ਲਹਿਰ-ਰੋ ਉੱਤਮ ਅਤੇ ਵਡਭਾਗੇ ਜਗਿਆਸੂ ਜਨ ਦੇ ਰੋਮ ਰੋਮ ਅੰਦਰ ਅਤੇ ਉਸ ਦੀ ਨਾੜ ਨਾੜ ਅੰਦਰ ਫਿਰ ਜਾਂਦੀ ਹੈ। ਅਣਵੱਸ ਹੀ, ਆਪ-ਹੁਦਰੇਂ ਨਾਮ ਅਭਿਆਸ ਦੇ ਤੋਰੇ ਤੁਰ ਪੈਂਦੇ ਹਨ, ਜੋ ਤੁਰੇ ਹੀ ਰਹਿੰਦੇ ਹਨ। ਊਠਤ ਬੈਠਤ ਸੋਵਤ ਜਾਗਤ ਨਾਮ ਦਾ ਖੰਡਾ ਖੜਕਦਾ ਹੀ ਰਹਿੰਦਾ ਹੈ। ਉਸ ਵਡਭਾਗੇ ਜਨ ਦੀ ਜਮ ਦੀ ਫਾਸੀ ਉਸੇ ਦਮ ਤੋਂ ਹੀ ਕੱਟੀ ਜਾਂਦੀ ਹੈ। ਧੁਰ ਦੀ ਬਖ਼ਸ਼ਸ਼ ਵਾਲਾ ਪਾਰਸ-ਨਾਮ ਐਸੀ ਚੁੰਭਕ ਕਲਾ ਵਾਲਾ ਮਣੀਆ ਹੈ ਕਿ ਇਸ ਦੇ ਰਿਦੰਤਰ ਪਰਵੇਸ਼ ਹੋਣ ਕਰਿ, ਉਸ ਦੀਆਂ ਸਰਬ ਚਿਤਵਣੀਆਂ ਪੂਰੀਆਂ ਹੋ ਜਾਂਦੀਆਂ ਹਨ। ਜਿਸ ਦੇ ਅੰਦਰ ਕਿ ਚਿੰਤਾਮਣੀ ਹੀਰਾ ਰਤਨ ਲਾਲ ਆਨਿ ਪਰਗਟ ਹੁੰਦਾ ਹੈ, ਤਿਸ ਜਨ ਦੇ ਸਾਰੇ ਜਮ-ਡਰ ਨਿਵਾਰੇ ਜਾਂਦੇ ਹਨ। ਜਿਵੇਂ ਜੋਤਿ ਬਿਜਲਾਰਕ ਉਜਿਆਰੇ ਦੇ ਸਾਹਮਣੇ ਹਨੇਰਾ ਨਹੀਂ ਫਟਕਣਾ ਪਾਉਂਦਾ ਇਸੇ ਪਰਕਾਰ ਨਾਮ-ਜੋਤਿ-ਵਿਗਾਸੀਆਂ ਦੇ ਨੇੜੇ ਜਮ ਜੰਦਾਰ ਨਹੀਂ ਢੁਕਦਾ।

ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ
ਨੇੜੈ ਜਾਈ ॥ ਕੇਵਲ ਰਾਮ ਨਾਮੁ ਮਨਿ
ਵਸਿਆ ਨਾਮੇ ਹੀ ਮੁਕਤਿ ਪਾਈ ॥

[ਸੋਰਠ ਮ: ੩, ਪੰਨਾ ੬੩੭

ਗੁਰੂ ਘਰ ਦੇ ਭਗਤ ਜਨਾਂ ਦੇ ਹਿਰਦੇ ਅੰਦਰ ਕੇਵਲ ਗੁਰਮਤਿ ਨਾਮ ਵਾਹਿਗੁਰੂ ਹੀ ਪਰਮ ਪਰਬਲਤਾ ਸਹਿਤ ਵਸਿਆ ਹੋਇਆ ਹੁੰਦਾ ਹੈ ਅਤੇ ਸਦਾ ਵਸਿਆ ਹੀ ਰਹਿੰਦਾ ਹੈ। ਨਾਮ ਬਿਨਾਂ ਭਗਤ ਜਨਾਂ ਦਾ ਆਚਾਰ ਵਿਉਹਾਰ ਹੀ ਹੋਰ ਕੋਈ ਨਹੀਂ ਹੁੰਦਾ, ਇਸ ਕਰਕੇ ਨਾਮ ਦੇ ਪਰਬਲ ਪ੍ਰਤਾਪ ਕਰਿ, ਤਿਨ੍ਹਾਂ ਨੂੰ ਜਮ ਜੋਹ ਹੀ ਨਹੀਂ ਸਕਦਾ। ਨਾ ਹੀ ਕਾਲ (ਮੌਤ) ਦਾ ਦੁਖ ਤਿਨ੍ਹਾਂ ਨੂੰ ਵਿਆਪਦਾ ਹੈ। (ਵਿਆਪ ਸਕਦਾ ਹੀ ਨਹੀਂ), ਕਿਉਂਕਿ ਉਹ ਤਾਂ ਜੀਉਂਦੇ-ਜੀ ਹੀ ਮੁਕਤਿ ਪਦ ਨੂੰ ਪ੍ਰਾਪਤ ਹੋ ਚੁਕੇ ਹੋਏ ਹੁੰਦੇ ਹਨ। ਸੰਸਾਰੀਆਂ ਸਾਕਤ ਪੁਰਸ਼ਾਂ ਨੂੰ ਹੀ ਜਮ ਜੋਹ ਸਕਦਾ ਹੈ।

ਮਨ ਰੇ ਸੰਸਾਰੁ ਅੰਧ ਗਹੇਰਾ ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥

[ਸੋਰਠਿ ਕਬੀਰ ਜੀ, ਪੰਨਾ ੬੫੪

ਸੰਸਾਰ ਅਤੇ ਸਮੂਹ ਸੰਸਾਰੀਆਂ ਦੇ ਦੁਆਲੇ ਚਾਰੀਂ ਪਾਸੀਂ ਜਮ ਦਾ ਜਾਲ ਤਣਿਆ ਪਿਆ ਹੈ, ਕਿਉਂਕਿ ਸਾਰਾ ਜਗਤ ਸਾਕਤ ਅਤੇ ਨਿਗੁਰਾ ਹੋਣ ਕਰਿ, ਅਗਿਆਨ-ਅੰਧਤਾ ਦੇ ਡੂੰਘੇ ਖਾਤੇ ਵਿਚ ਡਿਗਿਆ ਪਿਆ ਹੈ। ਉਥੇ ਉਸ ਨੂੰ ਕਢਣਹਾਰਾ ਕੋਈ ਨਹੀਂ, ਸਿਵਾਇ ਸਤਿਗੁਰੂ ਦੇ। ਸਤਿਗੁਰੂ ਦੀ ਸਰਣਿ ਸਾਕਤ ਸੰਸਾਰੀ ਪੁਰਸ਼ ਆਉਂਦੇ ਨਹੀਂ, ਇਸ ਕਰਕੇ



www.AKJ.Org

ਸਾਰਾ ਸੰਸਾਰ ਅਤੇ ਸਗਲ ਸੰਸਾਰੀ ਪੁਰਸ਼ ਇਸ ਅਗਿਆਨ-ਅੰਧੇਰੇ ਦੇ ਗੁਬਾਰ-ਗਹੇਰੇ ਵਿਚ ਹੀ ਰੁੜ੍ਹੇ ਚਲੇ ਜਾਂਦੇ ਹਨ। ਇਹ ਸਭ ਜਮ ਦਾ ਗ੍ਰਾਸ ਹਨ, ਜਮ ਦੀ ਫ਼ਾਸ ਵਿਚ ਹੀ ਪੈਣਗੇ। ਤਾਂ ਤੇ ਇਸ ਸੰਸਾਰ ਗਹੇਰੇ ਵਿਚ ਫਸਣ ਤੋਂ, ਇਸ ਅੰਧ ਖਾਤੇ ਦੀ ਗਡਣ ਤੋਂ ਸਦਾ ਬਚੇ ਹੀ ਰਹਿਣਾ ਚਾਹੀਦਾ ਹੈ।

ਤੇਰੇ ਗਲਹਿ ਤਉਕੁ ਪਗ ਬੇਰੀ ॥ ਤੂ ਘਰਿ
ਘਰਿ ਰਮਈਐ ਫੇਰੀ ॥ ਤੂ ਅਜਹੁ ਨ ਚੇਤਸਿ
ਚੇਰੀ ॥ ਤੂ ਜਮਿ ਬਪੁਰੀ ਹੈ ਹੇਰੀ ॥੨॥

[ਕਬੀਰ ਸੋਰਠਿ, ੬੫੫

ਭਗਤ ਕਬੀਰ ਸਾਹਿਬ ਭੀ ਇਸ ਗੁਰਵਾਕ੍ ਵਿਖੇ ਜਮ ਦੀ ਹੋਂਦ ਬਾਰੇ ਸ਼ਾਹਦੀ ਭਰਦੇ ਹਨ ਕਿ ਸਾਰੀ ਸੰਸਾਰੀ-ਜੀਵ-ਸ਼੍ਰੇਣੀ ਜਮ ਦੇ ਚੀਰੇ ਵਿਚ ਹੈ। ਸਭ ਦੇ ਗਲ ਵਿਚ ਜਮ ਦਾ ਤਉਕ ਪੈਣਾ ਹੈ। ਸਾਰਿਆਂ ਦੇ ਪੈਰਾਂ ਵਿਚ ਜਮਾਂ ਨੇ ਬੇੜੀਆਂ ਪਾਉਣੀਆਂ ਹਨ। ਸਾਰੀ ਜੀਵ-ਸ਼੍ਰੇਣੀ ਜਮ ਦੀ ਅਖ ਵਿਚ ਹੈ। ਜਮ ਗ੍ਰਸਣ ਨੂੰ ਤਿਆਰ ਹੀ ਬੈਠਾ ਹੈ। ਪਰ ਭਰਮ ਭੁਲੀ ਹੋਈ ਮਾਇਆ-ਗ੍ਰਸਤ ਲੋਕਾਈ ਦੀ ਅੱਖ ਅਜੇ ਭੀ ਨਹੀਂ ਉਘੜਦੀ, ਪਰਮਾਰਥ ਦੇ ਪਾਸੇ ਵਲ। ਮਾਇਆ ਦੇ ਵਹਿਣ ਵਿਚ ਹੀ ਰੁੜ੍ਹੀ ਚਲੀ ਜਾਂਦੀ ਹੈ ਸਾਰੀ ਲੁਕਾਈ। ਸਿਰਜਨਹਾਰ ਕਰਤਾਰ ਦਾ ਨਾਮ ਚੇਤਨ ਕਰਨ ਦਾ ਅਜੇ ਭੀ ਕਿਸੇ ਨੂੰ ਫ਼ਿਕਰ ਨਹੀਂ।

ਤੁਮਰੇ ਭਜਨ ਕਟਹਿ ਜਮ ਫਾਸਾ ॥ ਭਗਤਿ
ਹੇਤਿ ਗਾਵੈ ਰਵਿਦਾਸਾ ॥੫॥੫॥

[ਸੋਰਠਿ ਰਵਿਦਾਸ, ੬੫੯

ਭਗਤ ਰਵਿਦਾਸ ਜੀ ਇਸ ਗੁਰਵਾਕ ਦੁਆਰਾ ਦ੍ਰਿੜ੍ਹਾਉਂਦੇ ਹਨ ਕਿ ਜਮ ਦੀ ਫਾਸ ਸਭ ਦੇ ਸਿਰ ਤੇ ਖੜੀ ਹੈ, ਪੈਣ ਨੂੰ ਤਿਆਰ। ਇਹ ਜਮ-ਫਾਸ ਵਾਹਿਗੁਰੂ ਦੇ ਭਜਨ ਦੁਆਰਾ ਹੀ ਕੱਟੀ ਜਾ ਸਕਦੀ ਹੈ, ਐਵੇਂ ਨਹੀਂ। ਇਸ ਲਈ ਭਾਉ-ਭਗਤੀ ਕਰਨ ਹਿਤ ਹਰ ਸਮੇਂ ਹੀ ਹਰੀ ਜਸ ਤੱਤਪਰ ਹੋ ਕੇ, ਲੱਕ ਬੰਨ੍ਹ ਕੇ ਗਾਂਉਣਾ ਉਚਿਤ ਹੈ। ਸਿਫ਼ਤ ਸਲਾਹ ਵਿਚ ਰਮਤ ਹੋਣ ਨਾਲ ਹੀ ਜਮ ਦੀ ਫਾਸ ਕੱਟੀ ਜਾਣੀ ਸੰਭਵ ਹੈ, ਐਵੇਂ ਨਹੀਂ। ਏਸੇ ਕਰਕੇ ਅਗਲੇ ਗੁਰ ਪ੍ਰਮਾਣ ਅੰਦਰ ਸ੍ਰੀ ਰਵਿਦਾਸ ਭਗਤ ਜੀ ਉਚਾਰਨ ਕਰਦੇ ਹਨ ਕਿ ਮੈਂ ਹਰ ਸਮੇਂ ਨਾਮ ਰਟਣ ਅੰਦਰ ਰਚਿਆ ਰਮਿਆ ਰਹਿੰਦਾ ਹਾਂ। ਤਾਂਤੇ ਜਮ ਦੇ ਨਾਲ ਮੇਰਾ ਕੋਈ ਵਾਸਤਾ ਨਹੀਂ ਪੈਣਾ। ਜਮ ਦਾ ਕੀ ਕੰਮ ਹੈ ਜੋ ਮੇਰੇ ਨੇੜੇ ਆ ਜਾਵੇ। ਯਥਾ:—

ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ
ਸਿਉ ਨਾਹੀ ਕਾਮਾ ॥੩॥ ॥ [ਸੋਰਠਿ, ੬੫੯

ਦੇਖੋ ਅਗਲੇ ਗੁਰਵਾਕ ਅੰਦਰ ਗੁਰੂ ਨਾਨਕ ਸਾਹਿਬ ਕੀ ਫ਼ੁਰਮਾਉਂਦੇ ਹਨ:—

ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ
ਕਪਟੁ ਕਮਾਣਾ ॥ ਜਮ ਦੁਆਰਿ ਜਾ ਪਕੜਿ
ਚਲਾਇਆ ਤਾ ਚਲਦਾ ਪਛੁਤਾਣਾ ॥੪॥

[ਧਨਾਸਰੀ ਮ: ੧, ਪੰਨਾ ੬੬੦

ਆਗਮ ਨਿਗਮ ਦੀ ਜੀਵ-ਗਤੀ ਜਾਣਨਹਾਰ ਅੰਤਰਯਾਮੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਸੰਸਾਰੀ ਮਾਇਆਧਾਰੀ ਜੀਵ ਸਾਰੇ, ਕਪਟ ਚਲਾਕੀ ਦੇ ਭਰੇ ਹੋਏ ਹੀ ਹਨ, ਉਹਨਾਂ ਨੂੰ ਪਰਮਾਰਥ ਦੇ ਪਾਸੇ ਦੀ ਬੂਝ ਹੀ ਨਹੀਂ ਆਉਂਦੀ, ਨਾ ਹੀ ਅਗੇ ਦਾ ਡਰ-ਭੈ ਬਿਆਪਦਾ ਹੈ।

ਪਰ ਓਦੋਂ ਹੀ ਪਤਾ ਲਗੂ ਜਦੋਂ ਮਰਨ ਪਿਛੋਂ ਜਮ-ਪੁਰੀ ਵਿਚ ਬੰਨ੍ਹ ਕੇ ਚਲਾਇਆ ਜਾਊ। ਜਮ-ਮਗ ਬੱਧੇ ਜਾਣ ਸਮੇਂ ਫੇਰ ਪਛਤਾਇਆਂ ਕੀ ਬਣੂ? ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਐਸੇ ਅਗਿਣਤ ਜੀਵ ਜਮ-ਮਗ ਬੱਧੇ ਜਾਂਦੇ ਅਤੇ ਪਛਤਾਂਦੇ ਦੇਖੇ ਪਰਖੇ ਹਨ। ਤਦੇ ਤਾਂ ਆਪਣੀ ਅਖੀਂ ਡਿਠੀ ਸ਼ਾਹਦੀ ਏਥੇ ਦਿੰਦੇ ਹਨ ਅਤੇ ਸੰਸਾਰੀਆਂ ਨੂੰ ਚਉਕੰਨੇ ਕਰਦੇ ਹਨ ਕਿ ਰਚਣਹਾਰ ਮਾਲਕ ਦਾ ਨਾਮ ਚਿੰਤਨ ਕਰਨ, ਨਾਮ ਜਪਣ ਵਿਚ ਜੁਟ ਜਾਣ, ਨਹੀਂ ਤਾਂ ਅਗੇ ਚਲ ਕੇ ਜਮ ਦੇ ਵਸਿ ਜ਼ਰੂਰ ਪੈਣਾ ਲਗੂ ਅਤੇ ਪਛਤਾਂਉਣਾ ਪਊ, ਪਰ ਫੇਰ ਪਛਤਾਇਆਂ ਕੁਝ ਬਣਨਾ ਨਹੀਂ। ਸਾਰੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਸੁਣਨਹਾਰੇ ਪਾਠ ਕਰੀ ਸੁਣੀ ਜਾਂਦੇ ਹਨ, ਪਰ ਇਸ 'ਅੱਗੇ ਬੰਨ੍ਹਣ' ਵਾਲੀ ਹਕੀਕਤ ਨੂੰ ਸਭੇ ਉਲੰਘੀ ਜਾਂਦੇ ਹਨ। ਏਸ ਪਾਸੇ ਗਹੁ ਕਰ ਕੇ ਪਰਤਦੇ ਹੀ ਨਹੀਂ। ਕਦੇ ਭੀ ਗੁਰਬਾਣੀ ਦੇ ਤੱਤ ਭਾਵ ਨੂੰ ਗਹਿ

[ਬਾਕੀ ਦੇਖੋ ਸਫ਼ਾ ੯ ਦੇ ਹੇਠ]



www.AKJ.Org

# ਕਲਗੀਆਂ ਵਾਲੇ ਦੀ ਛੱਬੀ

[ਵਲੋਂ:—ਪ੍ਰੋ: ਪੂਰਨ ਸਿੰਘ ਜੀ ਸੁਰਗਵਾਸੀ]

ਇਸ ਲੇਖ ਦਾ ਮੰਤਵ ਇਕ ਪਾਸੇ ਪਾਠਕਾਂ ਨੂੰ ਇਕ ਰਹੱਸਵਾਦੀ ਲਿਖਾਰੀ ਦੇ ਗੁਰੂ ਪਿਆਰ ਵਿਚ ਡੁਲ੍ਹ ਡੁਲ੍ਹ ਪੈਂਦੇ ਵਲਵਲੇ ਨਾਲ ਸਾਂਝ ਕਰਵਾਉਣਾ ਹੈ ਅਤੇ ਦੂਜੇ ਪਾਸੇ ਪੁਰਾਤਨ ਗੁਰਸਿਖਾਂ ਦੇ ਆਪਣੇ ਇਸ਼ਟ ਸਤਿਗੁਰਾਂ ਲਈ ਪਿਆਰ ਅਤੇ ਸਤਿਕਾਰ ਦੀ ਝਲਕੀ ਦਿਖਾਉਣਾ ਹੈ।

ਭਲਾ ਜਿਸ ਪਾਸ ਅਸਲ ਨਹੀਂ ਉਹ ਤਾਂ ਨਕਲ ਮਗਰ ਦੌੜੇ, ਪਰ ਜਿਸ ਪਾਸ ਅਸਲ ਹੋਵੇ ਜੇ ਓਹ ਵੀ ਅਸਲ ਛੱਡ ਕੇ ਨਕਲ ਮਗਰ ਭਜਦਾ ਫਿਰੇ ਤਾਂ ਉਸਦੀ ਦਸ਼ਾ ਹਾਸੋ-ਹੀਣੀ ਹੀ ਹੁੰਦੀ ਹੈ।

'ਗੁਰੂ' ਕਿਧਰੇ ਨਹੀਂ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਪ੍ਰਗਟ ਪਹਾਰੇ ਜਲਵਾ-ਅਫਰੋਜ਼ ਹੈ। ਆਪਣੀ ਸਗਵੀਂ ਨੁਹਾਰ ਪਾਤਸ਼ਾਹ ਨੇ ਖ਼ਾਲਸੇ ਨੂੰ ਬਖ਼ਸ਼ੀ ਹੋਈ ਹੈ। ਪਰ ਸਿਖੀ ਚਿੰਨ੍ਹਾਂ ਤੋਂ ਸਾਡੀ ਬੇਰੁਖ਼ੀ ਇਸ ਗੱਲ ਦੀ ਸੂਚਕ ਹੈ ਕਿ ਅਸਾਨੂੰ ਗੁਰੂ ਦੀ ਸੂਰਤ ਨਾਲ ਪਿਆਰ ਨਹੀਂ।

ਕਾਗਜ਼ਾਂ ਉਤੇ ਸਤਿਗੁਰਾਂ ਦੀਆਂ ਫ਼ਰਜ਼ੀ ਮੂਰਤਾਂ, ਬਿਪਰਨ ਕੀ ਰੀਤਿ ਹੈ। ਅਫ਼ਸੋਸ ਕਿ ਸਾਡੀਆਂ ਪ੍ਰਮੁਖ ਸੰਸਥਾਵਾਂ ਵੀ ਮੂਰਤਾਂ ਬਣਵਾਉਣ ਦੀ ਕੋਝੀ ਦਲਾਲੀ ਵਿਚ ਪ੍ਰਵਿਰਤ ਹੋ ਗਈਆਂ ਹਨ। ਅਫ਼ਸੋਸ ਕਿ ਕੇਂਦਰੀ ਅਸਥਾਨਾਂ ਤਖ਼ਤ ਸਾਹਿਬਾਨ ਉਤੇ ਵੀ ਫ਼ਰਜ਼ੀ ਤੇ ਨਕਲੀ ਫ਼ੋਟੋ ਜੜੀਆਂ ਪਈਆਂ ਹਨ, ਇਹ ਤਾਂ ਕਾਬੇ ਵਿਚ ਕੁਫ਼ਰ ਵਾਲੀ ਗੱਲ ਹੋਈ ਕਿ! ਗੁਰੂ ਮੇਹਰ ਕਰੇ! ਸਾਨੂੰ ਸਤਿਗੁਰੂ ਦੇ ਠੀਕ ਸਰੂਪ ਦਾ ਗਿਆਨ ਅਤੇ ਉਸਦੇ ਸਹੀ ਸਰੂਪ ਨਾਲ ਪਿਆਰ ਹੋ ਜਾਵੇ! —ਸੰਪਾਦਕ

ਮੇਰਾ ਕਈ ਵਾਰੀ ਚਿੱਤ ਕੀਤਾ ਕਿ ਚਿਤ੍ਰਕਾਰੀ ਸਿਖਾਂ ਅਰ ਚਿਤ੍ਰਾਂ ਦਵਾਰਾ ਆਪਣੇ ਕਲਗੀਆਂ ਵਾਲੇ ਰੱਬ ਜੀ ਦੀਆਂ ਤਸਵੀਰਾਂ ਖਿੱਚ ਖਿੱਚ ਸਤਲੁਜ ਵਿਚ ਸੁੱਟੀ ਜਾਵਾਂ, ਤੇ ਹਰ ਇਕ ਦੇ ਹੇਠ ਲਿਖਾਂ "ਇਹ ਵੀ ਨਹੀਂ ਤੇਰੀ ਤਸਵੀਰ", "ਇਹ ਵੀ ਨਹੀਂ ਤੇਰੀ ਤਸਵੀਰ", ਤੇ ਬਸ ਇਉਂ ਹੀ ਕਰੀ ਜਾਵਾਂ, ਜ਼ਿੰਦਗੀ ਸਾਰੀ ਹੀ ਲੰਘ ਜਾਵੇ, ਲੋਕੀ ਆਖਣ ਇਹ ਬਾਵਲਾ ਚਿਤ੍ਰਕਾਰ ਦੇਖਿਆ ਜੇ, ਅੱਧੀ ਉਮਰ ਤਾਂ ਚਿਤ੍ਰਕਾਰੀ ਸਿਖਦਾ ਰਿਹਾ ਤੇ ਬਾਕੀ ਦੀ ਉਮਰ ਤਸਵੀਰਾਂ ਬਣਾਂਦਾ ਰਿਹਾ, ਪਰ ਮੋਏ ਕੋਲੋਂ ਬਣੀ ਇਕ ਵੀ ਨਾ। ਬਸ ਇਹ ਤਮਗਾ ਮੈਨੂੰ ਮਿਲੇ ਤੇ ਮੁੜ ਮੈਂ ਸਤਲੁਜ ਕੋਲੋਂ ਪੁਛਾਂ, "ਸਤਲੁਜ! ਮੇਰੇ ਸਤਿਗੁਰਾਂ ਦੀ ਮੂਰਤੀ ਕਿਹੋ ਜਿਹੀ ਸੀ, ਦਸ ਨਾ ਭਰਾਵਾ ਦਸ ਨਾ?" ਮੈਂ ਪਟਨੇ ਵਾਲੀ ਗੰਗਾ ਤੋਂ ਪੁੱਛਾਂ, "ਹੇ ਭੈਣੇ! ਮੇਰੇ ਰੱਬ ਦੀ ਮੂਰਤੀ ਕਿਹੋ ਜਿਹੀ ਸੀ, ਦਸ ਨਾ ਭੈਣੇ ਦਸ ਨਾ?" ਅਬਚਲ ਨਗਰ ਦੇ ਹਥਿਆਰਾਂ ਕੋਲੋਂ ਪੁੱਛਾਂ, "ਹੇ ਵੀਰੋ! ਦਸੋ, ਕਲਗੀਆਂ ਵਾਲੇ ਦੀ ਛੱਬੀ ਕਿਹੋ ਜਿਹੀ ਸੀ?"

ਇਕ ਉਸਤਾਦ ਮੈਨੂੰ ਮਿਲਿਆ। ਉਹ ਕਹਿਣ ਲੱਗਾ, ਭਾਈ! ਇਨ੍ਹਾਂ ਰੰਗਾਂ ਢੰਗਾਂ ਨਾਲ ਵੀ ਕਦੀ ਰੱਬ ਦੀ ਤਸਵੀਰ ਕਿਸੇ ਖਿੱਚੀ? ਔਡਿਨ ਵਾਲੀਆਂ ਈਡਾ ਦੀਆਂ ਤਸਵੀਰਾਂ ਤੱਕ। ਪੁਰਾਣਾਂ ਵਿਚ ਦਿਤੀਆਂ ਰੱਬ ਦੀਆਂ ਤਸਵੀਰਾ ਦੇਖ। ਇਹ ਸਭ ਪੁਰਾਣੇ ਰੱਬੀ ਸਾਹਿਤਯ ਮਿਲਯਾਲੋਜੀ ਦੇ ਰੰਗਾਂ ਵਿਚ ਆਪਣੇ ਸਤਿਗੁਰ ਜੀ ਦਾ ਧਿਆਨ ਧਰੋ।

ਮੈਂ ਜਾਤਾ, ਇਸ ਜਿਹਾ ਵਿਚਾਰ ਹੋਰ ਕੋਈ ਨਹੀਂ। ਹਾਂ! ਸ਼ਿਵਾ ਦਾ ਕਾਲ ਰੂਪ ਮੇਰੇ ਰੱਬ ਵਿਚ ਦਿਖਾਈ ਦਿੰਦਾ ਹੈ, ਵਿਸ਼ਨੂੰ ਦਾ ਸ਼ਾਂਤ ਸਤੋਗੁਣ ਰਸ ਹੈ ਤੇ ਆਪ ਜੀ ਦਾ ਵਾਹਨ ਗਰੜ ਨਹੀਂ, ਘੋੜਾ ਹੈ। ਇਸ ਦੇ ਸੁੰਮ ਸਤਵੇਂ ਅਸਮਾਨ ਵਜਦੇ ਸੰਸਾਰ ਨੂੰ ਆਪਣੀ ਆਹਟ ਨਾਲ ਜਗਾਂਦੇ ਹਨ। ਕ੍ਰਿਸ਼ਨ ਦੀ ਲੀਲ੍ਹਾ ਅਰ ਬਾਲ ਕ੍ਰੀੜਾ ਹੈ। ਔਡਿਨ ਵੀ ਇਸ ਵਿਚ ਹੈ, ਭਾਈ ਨੰਦ ਲਾਲ ਜੀ ਸਿੱਖੀ ਦੇ ਪ੍ਰਹਿਲਾਦ ਜੀ ਦਾ ਇਹ ਹਰੀ ਹੈ। ਨਿਰਮਲਾ ਜੀ ਦਾ ਬ੍ਰਹਮਵੇਤਾ



www.AKJ.Org

ਪੁਰਖ ਹੈ. ਖ਼ਾਲਸੇ ਜੀ ਦਾ ਅਕਾਲ ਪੁਰਖ ਹੈ, ਮਾਇਆ ਅਤੀਤ ਹੈ, ਰੱਬ ਹੈ, ਹਾਂ ਜੀ ਤੇ ਇਨ੍ਹਾਂ ਸਭ ਥੀਂ ਵਧ ਕੇ ਇਹ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਹੈ, ਗੁਰੂ ਅੰਗਦ ਦੇਵ ਹੈ, ਗੁਰੂ ਅਮਰਦਾਸ ਹੈ, ਗੁਰੂ ਰਾਮਦਾਸ ਹੈ, ਗੁਰੂ ਅਰਜਨ ਦੇਵ ਹੈ, ਗੁਰੂ ਹਰਿ-ਗੋਬਿੰਦ ਹੈ, ਗੁਰੂ ਹਰਿਰਾਏ ਹੈ, ਗੁਰੂ ਹਰਿ ਕ੍ਰਿਸ਼ਨ ਹੈ, ਇਹ ਪਿਤਾ ਗੁਰੂ ਤੇਗ ਬਹਾਦਰ ਹੈ, ਇਹ ਪੁੱਤਰ ਗੁਰੂ ਗੋਬਿੰਦ ਸਿੰਘ ਹੈ. ਇਹ ਗੁਰੂ ਨਾਨਕ ਜੀ ਦਾ ਆਖ਼ਰੀ ਰੂਪ ਤੇ ਨਾਮ ਹੈ। ਇਸ ਵਿਚ ਨੌਂ ਰੂਪ ਮੁਕੰਮਲ ਹਨ ਤੇ ਇਹ ਨਵਾਂ ਵਿਚ ਮੁਕੰਮਲ ਹੈ । ਇਹ ਨਵਾਂ ਅਨੋਖਾਪਨ ਹੈ। ਰੱਬ ਵੀ ਦਸ ਜਾਮੇ ਪਲਟ ਪਲਟ ਕੇ ਆਪਣੇ ਪੂਰੇ ਦੀਦਾਰ ਕਰਾ ਸੱਕਿਆ ਹੈ। ਇਕ ਜਾਮੇ ਦੀ ਗੁਪਤ ਪੂਰਣਤਾ ਆਪਣੇ ਸਿਖਾਂ ਲਈ, ਦਸ ਜਾਮੇ ਬਦਲ ਬਦਲ ਪੂਰਣ ਕੀਤੀ। **ਇਸ ਰੱਬ ਦੇ ਅਦਭੁਤ ਰੂਪ ਦੇ ਸਾਹਮਣੇ ਹੋਰ ਤਸਵੀਰਾਂ ਕੁਛ ਨਿੱਕੀਆਂ ਨਿੱਕੀਆਂ ਦਿਸਦੀਆਂ ਹਨ।** ਹਰਨਾਖਸ਼ ਨੂੰ ਮਾਰਨ ਲਈ ਸਿੰਘ ਅਵਤਾਰ ਦੀ ਤਸਵੀਰ ਬੜੀ ਦਿਲ-ਖੁਭਵੀਂ ਹੈ । ਉਹ ਲਾਲ ਅੱਗੀ ਥੰਮ੍ਹ ਦਾ ਅਕਸ ਦਿਲ ਲਹਿ ਜਾਂਦਾ ਹੈ ਤੇ ਸ਼ੇਰ ਦੀ ਸ਼ਕਲ ਸਦਾ ਲਈ ਰੱਬ ਨੂੰ ਸਿਮਰਣ ਵਾਲੀ ਮੂਰਤ ਹੋ ਜਾਂਦੀ ਹੈ। **ਪਰ ਇਹੋ ਜਿਹੀ ਅਚਰਜ ਮੂਰਤ ਕੌਣ ਖਿਚੇ ਤੇ ਕਿਵੇਂ ਦੱਸੇ ?** ਕਵੀ ਸੰਤੋਖ ਸਿੰਘ ਜੀ ਤੇ ਗੁਰ ਬਿਲਾਸ ਲਿਖਣ ਵਾਲੇ ਸਿਖ ਕੁਛ ਕਾਮਯਾਬ ਹੋਏ ਹਨ, ਪਰ ਮੈਂ ਕਹਾਂਗਾ "ਇਹ ਵੀ ਨਹੀਂ", ਪਰ ਮੈਂ ਕਹਾਂਗਾ "ਇਹ ਵੀ ਨਹੀਂ ਕਲਗੀਆਂ ਵਾਲੇ ਦੀ ਪੂਰੀ ਛਬੀ", ਪਰ ਕੀ ਹੈ ਵੀਰ ਖਾਲਸਾ !

**ਹੇ ਭੈਣ ਖ਼ਾਲਸਾ ! ਕੀ ਇਹ ਮਖ਼ੌਲ ਨਹੀਂ ਕਿ ਅਸੀਂ ਜਿਹੜੀਆਂ ਫ਼ੋਟੋ ਤੇ ਤਸਵੀਰਾਂ ਘਰਾਂ ਵਿਚ ਲਟਕਾਂਦੇ ਹਾਂ ? ਕੀ ਉਹ ਸਾਡੇ ਰੱਬ ਦੀਆਂ ਤਸਵੀਰਾਂ ਹਨ ? ਨਹੀਂ, ਮੈਂ ਕਹਾਂਗਾ, ਇਨ੍ਹਾਂ ਸਾਰੀਆਂ ਨੂੰ ਸਤਲੁਜ ਦੇ ਹਵਾਲੇ ਕਰਨਾ ਚਾਹੀਏ। ਕੀ ਅਸੀਂ ਆਪਣਾ ਪਿਆਰਾ ਰੱਬ ਆਪਣੀਆਂ ਸ਼ਕਲਾਂ ਜਿਹੀ ਸ਼ਕਲ ਵਾਲਾ ਬਣਾ ਕੇ, ਰਖ ਕੇ, ਆਪਣੀ ਜ਼ਿੰਦਗੀ ਬਖ਼ਸ਼ਣ ਵਾਲੇ ਕਰਤਾਪੁਰਖ ਦਾ ਮਖ਼ੌਲ ਨਹੀਂ ਕਰਦੇ।** ਤਦ ਕੀ ਕਰ ਰਹੇ ਹਾਂ ? ਅਸੀ ਇਹ ਕਰ ਰਹੇ ਤਾਂ ਕੀ ਅਚਰਜ ਹੈ ਜੋ ਸਾਡੇ ਈਮਾਨ ਥੀਂ ਖ਼ਾਲੀ ਲੋਕ ਹੋਰ ਹੋਰ ਕੈਰੀਕੇਚਰ (ਹਾਸੋਹੀਣੀ ਮੂਰਤ) ਬਣਾਂਦੇ ਹਨ, ਅਸੀ ਕਿਹੜਾ ਘਟ ਕਰਦੇ ਹਾਂ।

ਦੇਖੋ ਇਕ ਸਾਡੇ ਵਿਚੋਂ ਜੀਵਨ ਚਰਿਤ੍ਰ ਲਿਖਦਾ ਹੈ ਤੇ ਸਿਧ ਕੀ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜਿਹਾ ਕੋਈ ਹੋਰ ਆਦਮੀ ਨਹੀਂ, ਉਹ ਬੜੇ ਬੀਰ ਸਨ, ਬੜੇ ਆਦਮੀ ਕਰਤਾ ਸਨ, ਅਰ ਬੜੇ ਉਚ ਪੂਜਾ ਕਰਨ ਵਾਲੇ ਇਨਸਾਨ ਸਨ। ਇਹ ਤਾਂ ਉਹੋ ਗੱਲ ਹੋਈ ਜੋ ਹੈਨਨ ਨੇ ਈਸਾ ਨੂੰ ਤਖ਼ਤੋਂ ਉਤਾਰ ਕੇ ਇਕ ਚੰਗਾ ਆਦਮੀ ਬਣਾ ਕਢਿਆ। ਇਹ ਜੀਵਨ ਚਰਿਤ੍ਰ ਇਉਂ ਹੀ ਹੈ ਜਿਉਂ ਅਸੀਂ ਇਕ ਸਿਖ ਨੂੰ ਘੋੜੇ ਤੇ ਚੜ੍ਹਾ ਕੇ ਤਸਵੀਰ ਖਿਚ ਕੇ ਹੇਠ ਲਿਖ ਦੇਈਏ, 'ਗੁਰੂ ਗੋਬਿੰਦ ਸਿੰਘ'। ਇਨ੍ਹਾਂ ਅੱਜ ਕਲ੍ਹ ਦੀਆਂ ਸਿਫ਼ਤਾਂ ਸਲਾਹਾਂ ਨਾਲ ਵੀ ਉਸ ਉਚੇ ਦੀ ਨਿੰਦਾ ਹੀ ਹੈ, ਹੋਰ ਇਸ ਥੀਂ ਵਧ ਕੇ ਕੁਛ ਨਹੀਂ। ਦੇਖੋ ਵਿਸ਼ਨੂੰ ਦੇ ਕਾਰਨਾਮੇ ਤਾਂ ਪਤਾ ਨਹੀਂ, ਪਰ ਆਪ ਜੀ ਦੀ ਜ਼ਾਤ ਨੂੰ ਹਿੰਦੂ ਕਵੀ ਅਰ ਪੌਰਾਣਿਕ ਚਿਤ੍ਰਕਾਰਾਂ ਨੇ ਸਭ ਲਈ ਰੱਬ ਬਣਾ ਦਿੱਤਾ ਹੈ। ਜੀਵਨ ਚਰਿਤ੍ਰ ਤਾਂ ਪਰਉਪਕਾਰੀ ਜਨਾਂ ਦੀ, ਜਿਹੜੇ 'ਜਨਮ ਮਰਣ ਦੁਹਹੂ ਮਹਿ ਨਾਹੀ' ਹਨ, ਇਕ ਐਸੀ ਤਸਵੀਰ ਹੈ ਜਿਹੜੀ ਕੁਲ ਇਨਸਾਨਾਂ ਦੇ ਧਿਆਨ ਵਿਚ ਆਪ-ਮੁਹਾਰੀ ਆ ਜਾਵੇ, ਤੇ ਮੰਨਣ ਚਾਹੇ ਨਾ ਮੰਨਣ, ਪਰ ਅੰਦਰੋਂ ਪਤਾ ਲਗੇ ਜੋ ਇਹ ਰੱਬ ਹੈ। ਸੋਸ਼ਲ-ਸੁਧਾਰ, ਮਜ਼ਹਬੀ ਸੁਧਾਰ ਤੇ ਮੌਰਲ ਫ਼ਿਲਾਸਫ਼ੀ (ਸਦਾਚਾਰ) ਦੇ ਉਪਦੇਸ਼ ਤੇ ਉਚੀਆਂ ਗੱਲਾਂ ਇਹ ਤਾ ਅਵਤਾਰੀ ਕਾਰਕਾਂ ਦੇ ਚਰਨਾਂ ਦੀ ਧੂੜ ਅਖਵਾਣ ਜੋਗੀ ਚੀਜ਼ ਨਹੀਂ, ਇਹ ਗੱਲਾਂ ਤਾਂ ਗੁਰੂ ਦਰ ਦੇ ਕਮੀਨ ਵੀ ਕਰ ਸਕਦੇ ਹਨ ਤੇ ਅਸੀਂ ਆਪਣੀ ਅਕਲ ਨਾਲ ਇਹਨਾਂ ਨੂੰ ਹੀ ਗਿਣ ਗਿਣ ਆਪਣੀ ਜਾਚੇ ਬੜੀ ਸਿਫ਼ਤ ਕਰਦੇ ਹਾਂ।

ਜੀਵਨ ਚਰਿਤ੍ਰ, ਕਾਰਨਾਮਿਆਂ ਦਾ ਮਿਣਨਾ ਨਹੀਂ, ਤੇ ਉਸ ਮਿਣਨ ਵਿਚੋਂ ਗੁਣ ਕਢ ਕਢ ਦਸਣ


www.AKJ.Org

ਦਾ ਨਾਮ ਨਹੀਂ; ਇਹ ਸਾਧਾਰਨ ਲੋਕਾਂ ਦਾ ਜੀਵਨ ਚਰਿਤ੍ਰ ਹੋ ਸਕਦਾ ਹੈ। ਜਦ ਅਸੀਂ "ਗ਼ੈਰ ਮਾਮੂਲੀ", "ਅਦਭੁਤ" "ਕਦੀ ਨਾ ਹੋਈ ਕਦੀ ਨਾ ਹੋਣੀ", ਰੱਬੀ ਜ਼ਹੂਰ ਦਾ ਜ਼ਿਕਰ ਮਾਮੂਲੀ" "ਅਚਰਜ ਰਹਿਤ" ਧਿਆਨ ਅਰ ਵਿਸਮਾਦ ਸ਼ਕਲ ਅਕਲ ਨਾਲ, "ਹੋਰ-ਹੋਈ-ਤੇ-ਹੋਵਣ ਵਾਲੀਆਂ" ਚੀਜ਼ਾਂ ਵਾਂਗੂ ਕਰਦੇ ਹਾਂ ਤਦ ਅਸੀਂ ਆਪਣੇ ਜ਼ਿਕਰ ਨੂੰ ਜਿੰਨਾ ਸਚਾ ਕਰਨ ਦੀ ਕਰਦੇ ਹਾਂ ਉੱਨਾ ਕੂੜਾ ਤੇ ਝੂਠਾ ਕਰ ਦਿੰਦੇ ਹਾਂ।

ਅੱਜ ਕਲ੍ਹ ਕਈ ਕੌਮ ਤੇ ਕੌਮੀਅਤ ਨੂੰ ਪੂਜਣ ਵਾਲੇ ਸ਼ਿਵਾ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਇਕੱਠਾ ਲੈਂਦੇ ਹਨ। ਕੀ ਕਰੀਕੈਚਰ (ਹਾਸੋਹੀਣੀ ਮੂਰਤ) ਬਣਾਂਦੇ ਹਨ?

ਗੁਰੂ ਗੋਬਿੰਦ ਸਿੰਘ ਜੀ ਦੀ 'ਕੌਮ' ਸਾਰਾ ਸੰਸਾਰ ਸੀ, ਉਹਨਾਂ ਦਾ ਮੁਲਕ ਸਭ ਰੱਬੀ ਰਚਨਾ ਸੀ। ਮੁਹੰਮਦ ਸਾਹਿਬ ਜੇ ਹੁਣ ਆਵਣ ਤਦ ਉਹ ਵੀ ਅੱਜ ਕਲ੍ਹ ਦੀ ਮੁਸਲਮਾਨ ਕੌਮ ਦੇ ਜੱਥੇ ਤੇ ਧੜੇ ਵਿਚ ਆਣ ਥੀਂ ਇਨਕਾਰੀ ਹੋਣਗੇ। ਇਹ ਕੀ ਮਖ਼ੌਲ ਹੈ? ਚੂਹੇ ਆਪਣੇ ਖ਼ਿਆਲਾਂ ਨੂੰ ਇੰਦਰ ਨੂੰ ਸੌਂਪ ਰਹੇ ਹਨ। ਸ਼ਿਵਾ ਜੀ ਇਕ ਸਿਪਾਹੀ ਹੈ, ਜਿਸਦੀ ਕੰਡ ਉਪਰ ਸਾਧੂ ਰਾਮਦਾਸ ਦਾ ਹੱਥ ਹੋਣ ਕਰਕੇ ਨਿਪੋਲੀਅਨ ਦੀ ਰੱਬਾਨੀ ਅੰਸ਼ ਦੀ ਬੀਰਤਾ ਦਾ ਪ੍ਰਸ਼ਾਦ ਮਿਲਿਆ। ਮੰਨਿਆ ਕਿ ਸ਼ਿਵਾ ਜੀ ਦਾ ਸਭ ਰਾਜ ਰਾਮਦਾਸ ਜੀ ਦੇ ਚਰਨਾਂ ਪਰ ਸੀ। ਸ਼ਿਵਾ ਜੀ ਨੇ ਗੁਰੂ ਸਾਹਿਬ ਜੀ ਦੇ ਦਿਦਾਰ ਨਾ ਕੀਤੇ, ਨਾ ਕਰ ਸਕਿਆ, ਪਰ ਜੇ ਕਰ ਲੈਂਦਾ ਤਾਂ ਉਹਨਾਂ ਦੇ ਚਰਨ ਕਵਲਾਂ ਲਈ ਉਸਦੇ ਦਿਲ ਵਿਚ ਓਹੋ ਭਾਵ ਪੈਦਾ ਹੁੰਦੇ ਜੋ ਉਸਦੇ ਆਪਣੇ ਰਾਮਦਾਸ ਲਈ ਸਨ। ਏਥੇ ਤਾਂ ਇਕ ਪੂਰਣ ਰੱਬ ਦਾ ਅਨੇਕ-ਭੁਜਾ ਦੀਦਾਰ ਸੀ। ਸ਼ਿਵਾ ਜੀ ਤਾਂ ਹਰ ਅੰਸ਼ ਵਿਚ ਤਲਵਾਰ ਹੀ ਤਲਜ਼ਾਰ ਸੀ, ਸਤਿਗੁਰਾਂ ਦੀਆਂ ਅਨੇਕ ਕਲਾਂ ਵਿਚੋਂ ਇਕ ਕਲਾ ਦਾ ਭਗਤ ਸੀ। ਇਕ ਅਨਜਾਣ ਮਸੱਵਰ ਕੀ ਜਾਨਣ, ਜ਼ਿੰਦਗੀ ਕੀ ਚੀਜ਼ ਹੈ? ਤਿਲਕ ਨੇ ਦਖਣ ਵਿਚ ਸ਼ਿਵਾ ਜੀ ਦੀ ਪੂਜਾ ਦਾ ਮਖ਼ੌਲ ਸ਼ੁਰੂ ਕੀਤਾ ਸੀ, ਪਰ ਨਾਂ ਕੀ ਰਖਿਆ "ਗਣੇਸ਼ ਪੂਜਾ"? ਕੋਈ ਦਸ਼ੋ ਨਾ ਸ਼ਿਵਾ ਜੀ ਦੇ ਧਿਆਨ ਵਿਚ ਕਿਸ ਨੂੰ ਕਸ਼ਟ ਹੋਇਆ ਹੈ, ਇਹ ਸਭ ਅਜ ਕਲ ਦੇ ਪੜ੍ਹੇ ਲਿਖੇ ਲੋਕਾਂ ਦੀਆਂ ਖੋਖਲਾਪਨ ਦੀਆਂ ਦਲੀਲਾਂ ਹਨ।

ਪਰ ਰਾਮਦਾਸ ਪੰਜਾਬ ਤੇ ਕਸ਼ਮੀਰ ਵਿਚ ਪਹਿਲੇ ਫੇਰਾ ਪਾ ਗਿਆ ਸੀ। ਪਰ ਛੇਵੇਂ ਗੁਰਾਂ ਦੇ ਦਰਸ਼ਨ ਕਰ ਕੇ ਸਿਰ ਨਿਵਾ ਕੇ ਗਿਆ ਸੀ, ਕੀ ਅਸਚਰਜ ਹੈ ਕਿ ਰਾਮਦਾਸ ਦਾਤ ਇਥੋਂ ਹੀ ਪਾ ਕੇ ਗਿਆ ਹੋਵੇ?

ਬੰਗਾਲ ਦੇ ਹਿਸਟੋਰੀਅਨ ਮਿਸਟਰ ਸਰਕਾਰ ਪਟਨਾ ਕਾਲਜ ਦੇ ਪ੍ਰੋਫੈਸਰ ਤੇ ਸ੍ਰੀ ਗੋਬਿੰਦ ਨਾਥ ਨੇ ਇਕ ਲੇਖ ਇਸ ਸਿਲਸਿਲੇ ਵਿਚ ਲਿਖਿਆ ਹੈ ਕਿ ਸਿਖੀ ਮਤ ਗੁਰੂ ਨਾਨਕ ਜੀ ਚਲਾਇਆ ਅਰ ਹੌਲਿਆਂ ਹੌਲਿਆਂ ਦਸਮ ਪਾਤਸ਼ਾਹੀ ਦੇ ਵਕਤ ਤਕ ਸਥੂਲ ਅਰ ਮਾਦੀ ਜਿਹਾ ਹੋ ਗਿਆ। ਪ੍ਰੋਫੈਸਰ ਸਾਹਿਬ ਅਰ ਡਾਕਟਰ ਸਾਹਿਬ ਨੂੰ ਵੈਸ਼ਨਵ ਅਰ ਈਸਾਈ ਮੱਤਾਂ ਦੇ ਪ੍ਰਕਾਸ਼ ਅਰ ਮਿੱਠੇ ਰਸ-ਭਿੰਨੇ ਪਿਆਰ ਮੋਹਤ ਕਰ ਰਖਿਆ ਹੋਸੀ ਤੇ ਕੌਣ ਇਨਕਾਰ ਕਰੇ ਕਿ ਕੰਵਲ ਫੁਲ ਸ਼ਹਿਦ ਦੀ ਮੱਖੀ ਦੀ ਜ਼ਿੰਦਗੀ ਨਹੀਂ? ਭਗਤੀ ਦਾ ਆਦਰਸ਼ ਜਿਸ ਵੇਲੇ ਚੋਟੀ ਉਪਰ ਇਸ ਸੁਫਨੇ ਨਾਲ ਜੜਤ ਕੀਤਾ ਹੁੰਦਾ ਹੈ ਤਦ ਤਲਵਾਰ, ਬਲ, ਮੌਤ, ਮਰਨਾ, ਮਾਰਨਾ, ਸ਼ਹਾਦਤ, ਜਿਸਮਾਨੀ ਕੁਰਬਾਨੀ, ਦੁਖ ਦਰਦ, ਮੁਸੀਬਤ, ਸਭ ਮਾਦੀ ਜਿਹੀਆਂ ਚੀਜ਼ਾਂ ਦਿਸਦੀਆਂ ਹਨ। ਉਹ ਰੂਹਾਨੀਅਤ ਦੀ ਸਿਫਤ ਕੀ ਹੋਈ, ਜਿਸ ਵਿਚ ਪਿਆਰੇ ਦੀ ਤਲਵਾਰ ਥੀਂ ਗਰਦਨ ਬਚਾਈ ਦੇ ਯਤਨ ਹੋਣ। ਗੁਰੂ ਨਾਨਕ ਜੀ ਦੀ ਸੂਰਤ ਦਾ ਇਹ ਗੁਰੂ ਗੋਬਿੰਦ ਸਿੰਘ ਇਕ ਕਮਾਲ ਦਾ ਅੰਦਾਜ਼ ਹੈ। ਮੈਂ ਇਸ ਸਾਰੇ ਲੇਖ ਵਿਚ ਇਹ ਕਹਿਣਾ ਚਾਹੁੰਦਾ ਸਾਂ ਕਿ ਗੁਰੂ ਸਾਹਿਬ ਜੀ ਦੀ ਤਸਵੀਰ ਉਤਾਰਨੀ ਅੱਜ ਕਲ੍ਹ ਦੀ ਬੋਲੀ ਦਾ ਕੰਮ ਨਹੀਂ। ਗੋਬਿੰਦ ਨਾਥ ਜੈਸੇ ਟਪਲਾ ਖਾ ਰਹੇ ਹਨ। ਕਾਰਲਾਈਲ ਮਿਥ-ਯਾਲੋਜੀ ਪੌਰਾਣਿਕ ਲਿਖਣ ਦੀ ਤਰਜ਼ ਦਾ ਵਾਕਫ਼ ਸੀ, ਤਦ ਹੀ ਆਪਣੇ ਕਰਾਮਵੈਲ ਨਾਮੀ ਲੇਖ ਵਿਚ ਘਬਰਾ ਕੇ ਆਪਣੇ ਬੀਰ ਦੀ ਤਸਵੀਰ ਖਿਚਦਾ ਹੈ ਤੇ ਕਹਿ ਉਠਦਾ ਹੈ ਉਹ! ਕਰਾਮਵੈਲ ਦੇ ਰੂਪ ਵਿਚ ਪ੍ਰਤੀਤ ਹੁੰਦਾ ਹੈ ਕਿ ਰਬਾਨੀਅਤ, ਰੂਹਾਨੀਅਤ ਅਰ


www.AKJ.Org

ਮਾਈਅਤ (ਮਾਦਾਪਣੇ) ਇਕ ਹਨ । ਇਥੋਂ ਪਤਾ ਲਗਦਾ ਹੈ ਕਿ ਰਾਜਾ ਪਰਜਾ ਦਾ ਸਿਲਸਿਲਾ ਇਸ ਸੱਚਾਈ ਥੀਂ ਚਲਦਾ ਹੈ। ਐਸਾ ਜਾਪਦਾ ਹੈ ਕਿ ਕਾਰਲਾਈਲ ਨੂੰ ਅੰਦਰਲੀ ਭਿਣਕ ਪੈ ਗਈ ਸੀ ਕਿ ਰੱਬੀ ਸੂਰਤ ਦੇ ਪ੍ਰਕਾਸ਼ ਅਨੇਕ ਹਨ ਅਰ ਸਾਡੀਆਂ ਆਪਣੀਆਂ ਕਲਪਤ ਰੱਬਾਨੀਅਤ ਦੀਆਂ ਸਿਫਤਾਂ ਦਰ ਅਸਲ ਬੋਤਲਾਂ ਵਿਚ ਪਏ ਪੁਰਾਣੇ ਮੁਰੱਬੇ ਹਨ ਤੇ **ਸਾਨੂੰ ਮਹਾਂ ਪੁਰਖਾਂ ਦਾ ਦਰਸ਼ਨ ਕਰਨਾ ਯੋਗ ਹੈ, ਨਾ ਕਿ ਅਸੀਂ ਉਸ ਦੇ ਇਕ ਨਵੇਂ ਜ਼ਹੂਰ ਥੀਂ ਤੇ ਇਕ ਨਿਰਾਲੇ ਰੂਪ ਥੀਂ ਡਰ ਕੇ, ਉਸਦੀ ਵਡਾਈ ਥੀਂ ਮੁਨਕਰ ਹੋ ਜਾਈਏ ?**

ਪ੍ਰੋਫੈਸਰ ਸਰਕਾਰ ਅਰ ਗੋਬਿੰਦਨਾਥ ਜੀ ਦੀ ਸੁਰਤ ਇਸ ਉਚਾਈ ਤੇ ਨਹੀਂ ਅਪੜੀ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਵਿਚ ਰੱਬ ਦੇ ਅਵਤਾਰ ਦਾ ਇਕ-ਅਕਾਂ ਹੂਪ ਦੇਖਣ। ਜਦ ਇੰਨੀ ਉਚੀ ਨਜ਼ਰ ਨਹੀਂ ਗਈ ਤਦ ਜੋ ਰਾਇ ਪਾਸ ਹੋਈ ਸੋ ਸਭ ਧਿਆਨ ਜੋਗ ਨਹੀਂ । ਗੁਰੂ ਨਾਨਕ ਜੀ ਦੀ ਰੂਹਾਨੀਅਤ ਕਲਗੀਆਂ ਵਾਲੇ ਦੀ ਸੁਰਤ ਦੀ ਆਲਮਗੀਰ ਪ੍ਰਗਟਤਾ ਨਾਲ ਪੂਰਣਤਾ ਹੈ, ਕਮਾਲ ਹੈ। ਸ਼ਹਿਦ ਕੰਵਲ ਅਰ ਮੱਖੀ ਨਹੀਂ, ਤਲਵਾਰ, ਲਹੂ, ਮੌਤ, ਕੁਰਬਾਨੀ ਭੀ ਉਹੋ ਹੀ ਹੈ। ਗੁਰੂ ਸਾਹਿਬ ਅਨੰਤ ਨੂੰ ਕਿਵੇਂ ਪ੍ਰਗਟ ਕਰਦੇ ! ਨੌਂ ਜਾਮੇ ਹੋਰ ਸਭ ਤਰ੍ਹਾਂ ਦਿਖਾ ਚੁਕੇ ਸੀ। ਦਸਵੇਂ ਜਾਮੇ ਵਿਚ ਜਿਹੜਾ ਕੌਤਕ ਹੋਇਆ ਹੈ, ਉਹ ਕੌਣ ਕਹਿ ਸਕਦਾ ਹੈ ਇਹ ਕੌਤਕ ਆਲਮ-ਗੀਰ ਨਹੀਂ ? ਸਰਬ-ਕਾਲੀ ਤੇ ਸਰਬ-ਜਗਤੀ ਕੌਤਕ ਹੈ, ਇਸਦਾ ਅਰਥ ਕੁਲ ਕਾਲ ਵਿਚ ਫਲ ਕਢੇਗਾ। ਅਜ ਤਾਂ ਸਿਰਫ ਇਹੋ ਦਿਸ ਰਿਹਾ ਹੈ ਕਿ ਗੁਰੂ ਸਾਹਿਬ ਆਪਣੇ ਬੱਚੇ, ਟੱਬਰ, ਆਪਣਾ ਸਰਬੰਸ ਕਿਸੀ ਜੀਵਨ ਦੇ ਅਗਨੀ-ਕੁੰਡ ਵਿਚ ਪ੍ਰਵੇਸ਼ ਕਰਾ ਗਏ ਹਨ, ਪਰ ਨਹੀਂ, ਗੱਲ ਹੋਰ ਹੈ।

ਭਾਈ, ਮੈਂ ਬਹੁਤੇਰੀ ਕੋਸ਼ਿਸ਼ ਕੀਤੀ, ਸੱਚੇ ਪਾਤਸ਼ਾਹ ਦੀ ਛੱਬੀ ਨਹੀਂ ਬਣ ਸਕਦੀ, ਪੁਰਾਣ ਸਾਰੇ ਆਏ, ਔਡਿਨ ਦੀ ਈਡਾ ਆਈ, ਪਰ ਕੋਈ ਰੰਗ ਮੈਨੂੰ ਚੰਗਾ ਨਾ ਲੱਗਾ। ਇਕ ਮੈਂ ਅਨੇਕ-ਭੁਜਾਂ ਅਰ ਅਨੇਕ-ਏਕ ਅਵਤਾਰ ਰੂਪ ਬਣਾਇਆ, ਪਰ ਉਹ ਵੀ ਮੈਂ ਸਤਲੁਜ ਵਿਚ ਰੱਖ ਦਿੱਤਾ, ਉਤੇ ਲਿਖਿਆ "ਇਹ ਵੀ ਮੇਰੇ ਰੱਬ ਦੀ ਤਸਵੀਰ ਨਹੀਂ।"

ਜਿਨ੍ਹਾਂ ਸੰਤਾਂ ਦੇ ਹਿਰਦੇ ਵਿਚ ਮੇਰੇ ਕਲਗੀਆਂ ਵਾਲੇ ਦੀ ਤਸਵੀਰ ਹੈ, ਉਹ ਲਿਖ ਨਹੀਂ ਸਕਦੇ, ਦੱਸ ਨਹੀਂ ਸਕਦੇ, ਕਢ ਨਹੀਂ ਸਕਦੇ, ਪਰ ਇਹ ਜ਼ਰੂਰ ਕਹਿਣਗੇ ਕਿ ਸਤਿਗੁਰ ਆਪ ਪਰਦਾ ਚੁਕੇ ਤੇ ਦੱਸੇ, ਹਾਂ ਜੀ ਦੱਸੇ। ਨਹੀਂ ਤਾਂ ਕੌਣ ਦੱਸੇ ਤੇ ਕੌਣ ਦਸਾਏ, ਓਹੀ ਖਿੱਚੇ ਤਾਂ ਖਿੱਚੇ, ਨਹੀਂ ਤਾਂ ਕੌਣ ਖਿੱਚੇ। ਕਿਸੇ ਪਵਿਤ੍ਰ ਪਿਆਰੇ ਰਿਦੇ ਦੇ ਕੈਨਵੈਸ ਉਪਰ ਕਲਗੀਆਂ ਵਾਲੇ ਅਕਾਲ ਪੁਰਖ ਦੀ ਤਸਵੀਰ ਖਿਚ ਕੇ ਆਖੇ, "ਤੂੰ ਮੈਂ" ਤੇ ਤਸਵੀਰ ਬੋਲੇ "ਮੈਂ ਤੂੰ" ਤਾਂ ਹੀ ਖਿੱਚੇ, ਓਹੋ ਹੀ ਖਿੱਚੇ। ਭਾਈ, ਮੈਂ ਤਾਂ ਤਸਵੀਰ ਬਣਾਈ, ਸਿੱਖੀ ਨਾ ਬਣਾਈ । ਆਖ਼ਰ ਬੁਰਸ਼ ਦੇ ਰੰਗਾਂ ਦਾ ਡੱਬਾ, ਉਹ ਵੀ ਸਭ ਸਤਲੁਜ ਵਿਚ ਸੁਟਿਆ ਤੇ ਸੁੱਟ ਕੇ ਉਠਿਆ ਤੇ ਕਿਹਾ, ਚਲੋ ਚਲੀਏ ਕਿਸੇ ਸਿਖ ਪਾਸ, ਸਤਿਗੁਰੂ ਆਪਣੇ ਸਿਖਾਂ ਨੂੰ ਮਿਲਣ ਜ਼ਰੂਰ ਆਏ ਸਨ।

ਮੁੜ ਇਸ ਸਾਲ ਭੀ ਕੂਕ ਇਕ ਵੇਰੀ ਹੋਰ। ਹੇ ਖਾਲਸਾ ਭਰਾ ! ਹੇ ਖਾਲਸਾ ਭੈਣ ! ਸਾਡਾ ਪਿਆਰਾ, ਸਾਡਾ ਰੱਬ, ਸਾਡਾ ਬਾਪੂ ਜੀ, ਗੁਰੂ ਗੋਬਿੰਦ ਸਿੰਘ ਜੀ।

ਜੋ ਬੋਲੇਗਾ ਸੋ ਨਿਹਾਲ ਹੋਵੇਗਾ।

ਸਤਿ ਸ੍ਰੀ ਅਕਾਲ।

[ਪੂਰਨ ਸਿੰਘ ਦੀ ਵਾਰਤਕ ਵਿਚੋਂ ਧੰਨਵਾਦ ਸਹਿਤ

---

[ਸਫਾ ੫ ਦੀ ਬਾਕੀ]

ਨਹੀਂ ਵੀਚਾਰਦੇ। ਥਾਂ ਪਰ ਥਾਂ ਗੁਰਬਾਣੀ ਅੰਦਰ ਜਮ ਦਾ ਜ਼ਿਕਰ ਹੈ ਤੇ ਜਗ੍ਹਾ ਜਗ੍ਹਾ ਹਿਦਾਇਤ ਮਊਜੂਦ ਹੈ, ਪਰ ਗੁਮੇਹ ਹੀ ਨਹੀਂ ਕਰਦੇ। ਇਹ ਸਮਝਦੇ ਹਨ ਕਿ ਇਹ ਐਵੇਂ ਫ਼ਾਲਤੂ ਗੱਲਾਂ ਹੀ ਲਿਖੀਆਂ ਹਨ। ਪਰ ਜੇ ਗੁਰੂ ਕੀ ਬਾਣੀ ਨੂੰ ਸਤਿ ਸਤਿ ਕਰ ਕੇ ਮੰਨਣ ਤਾਂ ਕਦੇ ਇਹ ਹੋ ਸਕਦਾ ਹੈ ਕਿ ਉਹ ਆਪਣਾ ਅੱਗਾ ਸੰਵਾਰਨ ਦੇ ਫਿਕਰ ਵਿਚ ਨਾ ਪੈਣ ਅਤੇ ਗੁਰਵਾਕਾਂ ਅੰਦਰ ਉਪਦੇਸ਼ਤ ਹੁਕਮਾਂ ਨੂੰ ਨਾ ਕਮਾਉਣ। ਪਰ ਅਫ਼ਸੋਸ ਕਿ ਬਪੁੜੇ ਮਾਇਆ-ਮਮਤਾ-ਗ੍ਰਸਤ ਸੰਸਾਰੀਆਂ ਨੂੰ ਗੁਰਬਾਣੀ ਦੀ ਨਾ ਸ਼ਰਧਾ-ਭਾਵਨੀ ਹੈ ਤੇ ਨਾ ਹੀ ਅਗੇ ਦੀ ਪਰਵਾਹ ਹੈ, ਨਾ ਸਤਿਗੁਰੂ ਦੇ ਵਾਕਾਂ ਉਤੇ ਨਿਸਚਾ ਭਰੋਸਾ ਹੈ, ਇਸ ਕਰਕੇ ਉਹਨਾਂ ਦੀ ਹੋਣ ਵਾਲੀ ਜ਼ਿੱਲਤ ਖੁਆਰੀ 'ਤੇ ਤਰਸ ਆਏ ਬਿਨਾਂ ਨਹੀਂ ਰਹਿੰਦਾ।

['ਅਣਡਿਠੀ ਦੁਨੀਆ' ਵਿਚੋਂ ਧੰਨਵਾਦ ਸਹਿਤ

www.AKJ.Org

# ਗੁਰ-ਦੀਖਿਆ—ਅੰਮ੍ਰਿਤ

[ਵਲੋਂ—ਭਾ: ਸਾ: ਜੋਗਿੰਦਰ ਸਿੰਘ ਜੀ ਤਲਵਾੜਾ]

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥ ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥

[ਸਲੋਕ ਮ: ੨, ਪੰਨਾ ੧੫੦

## ਗੁਰ-ਦੀਖਿਆ—

ਮਹਾਨ ਕੋਸ਼ ਅਨੁਸਾਰ "ਦੀਖਿਆ" ਦਾ ਅਰਥ ਹੈ "ਧਰਮ-ਮੰਤਰ ਦਾ ਉਪਦੇਸ਼"। ਸੋ "ਗੁਰ-ਦੀਖਿਆ" ਤੋਂ ਭਾਵ ਹੈ "ਨਾਮ-ਗੁਰਮੰਤਰ" ਅਥਵਾ ਖ਼ਾਲਸਾ ਰਹਿਤ ਸੰਬੰਧੀ "ਗੁਰਮਤਿ ਉਪਦੇਸ਼", ਜੋ ਗੁਰੂ ਵਲੋਂ ਗੁਰ-ਦੀਖਿਆ ਸੰਸਕਾਰ ਸਮੇਂ ਨਿਸ਼ਚਿਤ ਵਿਧੀ ਅਨੁਸਾਰ ਜਗਿਆਸੂ ਨੂੰ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਲਈ ਦਿੱਤਾ ਜਾਂਦਾ ਹੈ।

ਮਨੁਖੀ ਜੀਵਨ ਦੇ ਦੋ ਪੱਖਾਂ (ਅਧਿਆਤਮਕ ਅਤੇ ਸੰਸਾਰਕ) ਵਿਚੋਂ ਦੀਖਿਆ ਦਾ ਸਬੰਧ, ਪ੍ਰਮੁਖ ਤੌਰ ਤੇ ਜੀਵਨ ਦੇ ਅਧਿਆਤਮਕ ਪੱਖ ਨਾਲ ਹੈ, ਜਿਸ ਦੁਆਰਾ ਮਨੁਖ ਨੂੰ ਆਤਮਾ ਪ੍ਰਮਾਤਮਾ ਦਾ ਗਿਆਨ ਬਖ਼ਸ਼ ਕੇ ਧਰਮ-ਮਾਰਗ ਉਤੇ ਪਾਇਆ ਜਾਂਦਾ ਹੈ।

ਦੀਖਿਆ ਅਤੇ ਸਿਖਿਆ ਦੋਹਾਂ ਵਿਚ ਪਰਸਪਰ ਫ਼ਰਕ ਹੈ। ਦੀਖਿਆ, ਆਤਮ-ਨਾਮ ਹੈ! ਜੀਅ-ਦਾਨ ਹੈ!! ਇਹ ਮੁੱਢਲੀ ਪੂੰਜੀ ਹੈ ਜਿਹੜੀ ਜਗਿਆਸੂ ਨੂੰ ਜੀਵਨ-ਪ੍ਰਯੰਤ ਧਰਮ ਦਾ ਵਪਾਰ ਕਰਨ ਲਈ ਗੁਰੂ ਵਲੋਂ ਬਖ਼ਸ਼ੀ ਜਾਂਦੀ ਹੈ। ਇਹ ਗੁਰੂ-ਆਪੇ ਅਤੇ ਸਿੱਖ-ਆਪੇ ਦਾ ਅਧਿਆਤਮਕ ਸੰਜੋਗ ਹੈ। ਜਿਵੇਂ ਪਾਰਸ ਨੂੰ ਪਰਸ ਕੇ ਮਨੂਰ ਸੋਨਾ ਬਣ ਜਾਂਦਾ ਹੈ, ਤਿਵੇਂ ਹੀ ਗੁਰੂ ਦੀ ਅਬਚਲੀ-ਨਾਮ-ਜੋਤ ਨਾਲ ਮਿਲ ਕੇ ਸਿੱਖ ਦੀ ਅੰਦਰਲੀ ਜੋਤਿ ਪ੍ਰਚੰਡ ਹੋ ਜਾਂਦੀ ਹੈ। ਸੋ ਗੁਰ-ਦੀਖਿਆ ਸੰਸਕਾਰ ਗੁਰੂ ਦੀ ਅੰਮ੍ਰਿਤ-ਦ੍ਰਿਸ਼ਟਿ ਦੁਆਰਾ ਪ੍ਰੇਤਹੁੰ ਦੇਵਤੇ ਬਨਾਉਣ ਦਾ ਕਲਾ-ਕ੍ਰਿਸ਼ਮਾਇਣੀ ਸੰਜੋਗ ਹੈ।

ਸਿਖਿਆ ਤੋਂ ਭਾਵ ਹੈ ਉਹ ਗੁਰ-ਉਪਦੇਸ਼, ਜੋ ਸੁਚੱਜਾ ਜੀਵਨ ਜੀਉਣ ਲਈ ਦਿਤੇ ਜਾਂਦੇ ਹਨ। ਦੀਖਿਆ ਦੀ ਰੂਪ-ਰੇਖਾ ਨਿਸ਼ਚਿਤ ਹੈ ਅਤੇ ਇਹ ਜੀਵਨ ਵਿਚ ਕੇਵਲ ਇਕੋ ਵਾਰੀ ਦਿੱਤੀ ਜਾਂਦੀ ਹੈ। ਪਰ ਸਿਖਿਆ ਦਾ ਘੇਰਾ ਚੌੜਾ ਹੈ ਅਤੇ ਇਹ ਬਹੁਤੀ ਵਾਰੀ ਵੀ ਹੋ ਸਕਦੀ ਹੈ।

ਸਾਰੇ ਹੀ ਧਰਮਾਂ ਵਿਚ ਦੀਖਿਆ-ਸੰਸਕਾਰ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਪ੍ਰਚੱਲਤ ਹੈ। ਹਿੰਦੂ ਧਰਮ ਵਿਚ "ਯਗਿਓ ਪਵੀਤ" ਦੁਆਰਾ ਦੀਖਿਅਤ ਕੀਤਾ ਜਾਂਦਾ ਹੈ। ਇਸਲਾਮ ਵਿਚ "ਸੁੰਨਤ" ਅਤੇ ਈਸਾਈ ਮੱਤ ਵਿਚ ਦੀਖਿਆ ਦਾ ਮਾਧਿਅਮ ਬਪਤਸਮਾ ਹੈ। ਸਿੱਖ ਧਰਮ ਵਿਚ ਦੀਖਿਆ ਦਾ ਮਾਧਿਅਮ "ਅੰਮ੍ਰਿਤ-ਸਿੰਚਾਰ" ਹੈ। ਦੀਖਿਅਤ ਕਰਨ ਸਮੇਂ ਜਗਿਆਸੂ ਦੇ ਤਨ ਅਤੇ ਮਨ ਦੋਹਾਂ ਵਿਚ ਅੰਮ੍ਰਿਤ ਦਾ ਸਿੰਚਾਰ ਕੀਤਾ ਜਾਂਦਾ ਹੈ। ਸਫਲ-ਜੀਵਨ ਲਈ ਮਨੁਖ ਦੇ ਤਨ ਮਨ ਦੋਹਾਂ ਦਾ ਬਲਵਾਨ ਕੀਤਾ ਜਾਣਾ ਜ਼ਰੂਰੀ ਹੈ।

## ਗੁਰ-ਦੀਖਿਆ ਦੀ ਲੋੜ—

ਮਨੁਖ ਨੂੰ ਦੀਖਿਆ ਦੀ ਲੋੜ ਕਿਉਂ ਹੈ? ਉਸ ਦਾ ਉਤਰ ਲੱਭਣ ਲਈ ਮਨੁਖ ਦੀ ਹਸਤੀ ਤੇ ਉਸ ਦੀਆ ਜੀਵਨ-ਸਮੱਸਿਆਵਾਂ ਬਾਰੇ ਕੁਝ ਜਾਨਣਾ ਉਚਿਤ ਹੈ।

ਵਿਧਾਤਾ ਦੀ ਸਾਰੀ ਰਚਨਾ ਵਿਚ ਮਨੁਖ ਸਭ ਤੋਂ ਵੱਧ ਵਿਕਾਸ-ਪੂਰਤ ਹਸਤੀ ਹੈ। ਇਸੇ ਕਾਰਨ ਇਸ ਨੂੰ ਅਸ਼ਰਫੁਲ-ਮਖ਼ਲੂਕਾਤ, ਭਾਵ ਧਰਤੀ ਦਾ ਸਰਦਾਰ ਕਿਹਾ ਗਿਆ ਹੈ—

ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥

[ਆਸਾ ਮ: ੫, ਪੰਨਾ ੩੭੪

ਬਾਕੀ ਸਾਰੇ ਜੀਵ-ਜੰਤੂ ਉਸ ਦੀ ਤਾਬਿਆਦਾਰੀ ਵਿਚ ਹਨ। ਸੰਸਾਰ ਦੀ ਹਰੇਕ ਵਸਤੂ ਮਨੁਖ ਦੇ ਸੁਖ ਅਰਾਮ ਲਈ ਸਾਜੀ ਗਈ ਹੈ। ਮਾਇਆ, ਵਿਧਾਤਾ ਵਲੋਂ ਮਨੁਖ ਦੀ ਦਾਸੀ ਥਾਪ ਕੇ ਭੇਜੀ ਹੋਈ ਹੈ। ਇਹ ਵੱਖਰੀ ਗੱਲ ਹੈ ਕਿ ਇਸ ਦੀ ਚਮਕ ਦਮਕ ਤੇ ਸ਼ੋਭਾ



www.AKJ.Org

ਸ਼ਕਤੀ ਉਤੇ ਲੁਭਾਇਮਾਨ ਹੋ ਕੇ, ਮਨੁਖ ਨੇ ਇਸ ਨੂੰ ਮਾਲਕਾਣੀ ਸਮਝ ਕੇ ਇਸ ਦੀ ਤਾਬੇਦਾਰੀ ਸਵੀਕਾਰ ਕੀਤੀ ਹੋਈ ਹੈ।

ਧਰਤੀ ਦੇ ਸਰਦਾਰ ਮਨੁਖ ਦਾ ਜੀਵਨ ਜੇ ਤਵੇ-ਪਰਾਤ ਤਕ ਹੀ ਸੀਮਤ ਹੋਵੇ ਤਾਂ ਇਸ ਵਿਚ ਅਤੇ ਬਾਕੀ ਪਸ਼ੂਆਂ ਵਿਚ ਕੋਈ ਫ਼ਰਕ ਹੀ ਨਹੀਂ ਰਹਿੰਦਾ। ਇਸ ਦੀ ਸਰਦਾਰੀ ਦਾ ਭੇਦ ਤਾਂ ਇਸ ਦੀ ਵਿਵੇਕ ਬੁਧੀ ਵਿਚ ਹੈ—

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥
[ਸਲੋਕ, ੬, ਪੰਨਾ ੨੫੧

ਏਕ ਵਸਤੁ ਬੂਝਹਿ ਤ ਹੋਵਹਿ ਪਾਕ ॥ ਬਿਨੁ
ਬੂਝੇ ਤੂੰ ਸਦਾ ਨਾਪਾਕ ॥੪॥ [੩੭੪

ਵਿਵੇਕ-ਬੁਧੀ ਦੁਆਰਾ ਮਨੁਖ ਅੰਦਰ ਇਹ ਜਾਨਣ ਦੀ ਉਤਸਕਤਾ ਪੈਦਾ ਹੁੰਦੀ ਹੈ ਕਿ ਮੈਂ ਕੀ ਹਾਂ? ਮੇਰਾ ਸੰਸਾਰ ਵਿਚ ਆਉਣ ਦਾ ਕੀ ਪ੍ਰਯੋਜਨ ਹੈ? ਉਸ ਪ੍ਰਯੋਜਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ?

ਇਨ੍ਹਾਂ ਪ੍ਰਸ਼ਨਾਂ ਦਾ ਉਤਰ ਗੁਰਬਾਣੀ ਵਿਚੋਂ ਇਸ ਪ੍ਰਕਾਰ ਮਿਲਦਾ ਹੈ:

(੧) ਮਨੁਖ ਪ੍ਰਮਾਤਮਾ ਦੀ ਅੰਸ ਹੈ—
ਕਹੁ ਕਬੀਰ ਇਹੁ ਰਾਮ ਕੀ ਅੰਸੁ ॥ [ਗੋਂਡ, ੮੭੧

(੨) ਮਨੁਖਾ-ਜਨਮ ਦਾ ਪ੍ਰਯੋਜਨ ਆਪਣੇ ਮੂਲ ਨੂੰ ਪਛਾਣ ਕੇ ਉਸ ਵਿਚ ਲੀਨ ਹੋਣਾ ਹੈ—
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥
॥੧॥ਰਹਾਉ॥ [੧੭੬

(੩) ਜੀਵਨ-ਮੰਤਵ ਦੀ ਪ੍ਰਾਪਤੀ, ਗੁਰੂ ਧਾਰਨ ਕੀਤੇ ਬਗ਼ੈਰ, ਅਥਵਾ ਗੁਰ-ਦੀਖਿਆ ਪ੍ਰਾਪਤ ਕੀਤੇ ਬਗ਼ੈਰ ਸੰਭਵ ਨਹੀਂ—
ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ
ਸਤਿਗੁਰ ਕਿਨੈ ਨ ਪਾਇਆ ॥
[ਆਸਾ ਕੀ ਵਾਰ, ਪਉੜੀ ੬

ਤੱਤ ਸਾਰ ਇਹ ਹੈ ਕਿ ਗੁਰੂ ਦੇ ਬਗ਼ੈਰ ਪਰਮਾਰਥਕ ਗਿਆਨ ਦੀ ਪ੍ਰਾਪਤੀ ਹੋਣੀ ਅਸੰਭਵ ਹੈ। ਗੁਰ-ਦੀਖਿਆ ਪ੍ਰਾਪਤੀ ਤੋਂ ਵਿਰਵੇ ਅਗਿਆਨੀ ਮਨੁਖ ਵਿਚ ਪਸ਼ੂ-ਬਿਰਤੀਆਂ ਪ੍ਰਧਾਨ ਹੁੰਦੀਆਂ ਹਨ। ਏਸੇ ਲਈ ਗੁਰ ਮੰਤਰ-ਹੀਣ ਪ੍ਰਾਣੀਆਂ ਨੂੰ ਗੁਰਬਾਣੀ ਅੰਦਰ ਕੁੱਤਿਆਂ, ਸੂਰਾਂ, ਖੋਤਿਆਂ ਅਤੇ ਤ੍ਰਿਗਧ ਜੂਨਾਂ ਦੇ ਪਸ਼ੂਆਂ ਨਾਲ ਤੁਲਨਾ ਦਿੱਤੀ ਗਈ ਹੈ। ਗੁਰੂ ਪਾਤਸ਼ਾਹ ਅਜਿਹੇ ਮੂਰਖਾਂ ਦੇ ਜੰਮਣ ਨੂੰ ਫਿਟਕਾਰ ਪਾਉਂਦੇ ਹਨ।

ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ
ਭ੍ਰਸਟਣਹ ॥ (੧੩੫੭)

ਗੁਰ ਮੰਤਰ ਦੀ ਪ੍ਰਾਪਤੀ ਕੀਤੇ ਬਗ਼ੈਰ ਮਨੁਖ ਨਿਗੁਰਾ ਰਹਿੰਦਾ ਹੈ। ਅਤੇ ਅਧਿਆਤਮਕ ਦੁਨੀਆ ਵਿਚ ਨਿਗੁਰਾ ਹੋਣਾ ਵੱਡੀ ਲਾਹਨਤ ਹੈ।

**ਗੁਰ-ਦੀਖਿਆ ਅੰਮ੍ਰਿਤ—**

ਸਿੱਖ ਧਰਮ ਵਿਚ ਜਗਿਆਸੂ ਨੂੰ ਦੀਖਿਅਤ ਕਰਨ ਸਮੇਂ ਗੁਰੂ "ਅੰਮ੍ਰਿਤ-ਨਾਮੁ" ਬਖ਼ਸ਼ਦਾ ਹੈ। ਇਸ ਮਰਯਾਦਾ ਦਾ ਧਰੁਵਾ ਧੁਰੋਂ ਸਚਖੰਡ ਵਿਚੋਂ ਹੀ ਬੱਝਾ ਹੋਇਆ ਹੈ।

ਵੇਈਂ-ਪ੍ਰਵੇਸ਼ ਵਾਲੀ ਸਾਖੀ ਵਿਚ ਇਉਂ ਲਿਖਿਆ ਹੈ:

ਇਕਿ ਦਿਨ ਆਗਿਆ ਪਰਮੇਸ਼ਰ ਕੀ ਹੋਈ। ਜੋ ਨਿਤਾਪ੍ਰਤਿ ਦਰਿਆਓ ਵੈਂਦਾ ਆਹਾ, ਸੁ ਇਕਿ ਦਿਨਿ ਇਕ ਖਿਜਮਤਿਦਾਰ ਲੈ ਕਰ ਗਇਆ। ਕਪੜੇ ਲਾਹਿ ਖਿਜਮਤਿਦਾਰੰ ਕੇ ਹਵਾਲੇ ਕੀਤੇ। ਆਪਿ ਨਾਵਣਿ ਪਇਆ। ਜਿਉ ਪਇਆ ਤਿਉ ਆਗਿਆ ਪਰਮੇਸਰ ਕੀ ਨਾਲਿ ਸੇਵਕ ਲੈ ਗਏ ਦਰਗਾਹ ਪਰਮੇਸਰ ਕੀ। ਸੇਵਕਾਂ ਜਾਇ ਅਰਜ ਕੀਤੀ, ਜੀ ਨਾਨਕ ਹਾਜ਼ਰ ਹੈ। ਤਬਿ ਸਚੀ ਦਰਗਾਹੁ ਦਰਸਨੁ ਹੋਆ। ਸਾਹਿਬੁ ਮਿਹਰਵਾਨੁ ਹੋਆ।.....ਆਗਿਆ ਪਰਮੇਸਰ ਕੀ ਹੋਈ "ਨਾਨਕ ਭਗਤੁ ਹਾਜਰੁ ਹੋਆ" ਤਾਂ ਅੰਮ੍ਰਿਤ ਦਾ ਪਿਆਲਾ ਭਰਿ ਕਰਿ ਆਗਿਆ ਨਾਲ ਮਿਲਿਆ। ਹੁਕਮੁ ਹੋਆ "ਨਾਨਕ! ਇਹੁ ਅੰਮ੍ਰਿਤੁ ਮੇਰੇ ਨਾਮ ਕਾ ਪਿਆਲਾ ਹੈ। ਤੂੰ ਪੀਉ।" ਤਬਿ ਗੁਰੂ ਨਾਨਕ ਤਸਲੀਮ ਕੀਤੀ ਪਿਆਲਾ ਪੀਤਾ।

ਬਾਣੀ ਵਿਚ ਹਜ਼ੂਰ ਦਾ ਕਥਨ ਹੈ:

੧. ਹਉ ਢਾਢੀ ਵੇਕਾਰੁ ਕਾਰੈ ਲਾਇਆ ॥ ਰਾਤਿ



www.AKJ.Org

ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ (੧੫੦)

੨. ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

[ਸੋਰਠਿ ਮ: ੧, ਪੰਨਾ ੫੯੯

ਗੁਰ-ਪਰਮੇਸਰੁ ਬਾਬੇ ਨੇ ਧੁਰ ਦਰਗਾਹੋਂ ਪ੍ਰਾਪਤ ਕੀਤੀ ਦਾਤ ਦੇਸ਼ਾਂ ਦੇਸ਼ਾਂਤਰਾਂ ਦਾ ਭ੍ਰਮਣ ਕਰ ਕੇ ਅਭਿਲਾਖੀ ਪੁਰਸ਼ਾਂ ਵਿਚ ਵੰਡੀ। ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਇਹ ਨਾਮ-ਅੰਮ੍ਰਿਤ ਦੀ ਦਾਤ ਏਵੇਂ ਹੀ ਵੰਡੀ ਜਾਂਦੀ ਰਹੀ। ਅਤੇ ਵਰਤਮਾਨ ਕਾਲ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਉਤੇ ਨਾਮ-ਅੰਮ੍ਰਿਤ ਦੀ ਵਰਖਾ ਕਰ ਰਹੇ ਹਨ। ਗੁਰ-ਦੀਖਿਆ ਪ੍ਰਾਪਤੀ ਦਾ ਅਧਿਕਾਰ ਤਾਂ ਹਰੇਕ ਮਨੁੱਖ ਮਾਤਰ ਨੂੰ ਹੈ, ਪਰ ਇਸ ਵੱਡਮੁਲੀ ਦਾਤ ਦੀ ਪ੍ਰਾਪਤੀ ਕੇਵਲ ਅਜਿਹੇ ਵਡਭਾਗੇ ਵਿਅਕਤੀ ਹੀ ਕਰ ਸਕਦੇ ਹਨ, ਜੋ ਆਪਣੇ ਚਿਤ-ਰੂਪ ਭਾਂਡੇ ਨੂੰ ਸਾਫ਼ ਸੁਥਰਾ ਕਰ ਲੈਂਦੇ ਹਨ। ਹਉਮੈ ਦੀ ਗੰਦਗੀ ਨਾਲ ਲਿਬੜੇ ਹੋਏ ਭਾਂਡੇ ਵਿਚ ਅੰਮ੍ਰਿਤ ਵਰਗੀ ਅਮੋਲਕ ਵਸਤੂ ਕਿਵੇਂ ਪਾਈ ਜਾ ਸਕਦੀ ਹੈ? ਗੁਰਮਤਿ ਅਨੁਸਾਰ ਹਉਮੈ ਅਤੇ ਨਾਮ ਦੋਵੇਂ ਇਕ ਦੂਜੇ ਦੇ ਵਿਰੋਧੀ ਹਨ ਤੇ ਇਕੱਠੇ ਨਹੀਂ ਟਿਕ ਸਕਦੇ—

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥

[ਵਡਹੰਸੁ ਮ: ੩, ਪੰਨਾ ੫੬੦

ਸੋ ਗੁਰ-ਦੀਖਿਆ ਅੰਮ੍ਰਿਤ ਦੀ ਅਮੋਲਕ ਦਾਤ ਕੇਵਲ ਅੰਮ੍ਰਿਤ ਦੇ ਵਪਾਰੀ ਹੀ ਪ੍ਰਾਪਤ ਕਰ ਸਕੇ ਤੇ ਕਰ ਰਹੇ ਹਨ, ਜਿਹੜੇ ਆਪਾ ਨਿਵਾਰ ਕੇ ਅੰਮ੍ਰਿਤ ਦੇ ਦਾਤੇ ਸਤਿਗੁਰੂ ਜੀ ਦੀ ਸਰਣ ਢਹਿ ਪੈਣ ਅਤੇ ਨੇਕ-ਨੀਜਤੀ ਨਾਲ ਆਯੂ ਪ੍ਰਯੰਤ ਅੰਮ੍ਰਿਤ ਜੀਵਨ ਜੀਉਣ ਦੀ ਪਰਤੱਗਿਆ ਕਰਨ—

(ੳ) ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਅਗੈ ਢਹਿ ਢਹਿ ਪਾਵੈਗੋ ॥ (੧੩੧੦)

(ਅ) ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥ (੧੩੩੪)

ਸਰੀਰ ਆਤਮਾ ਦੇ ਰਹਿਣ ਦਾ ਕੋਠਾ ਹੈ। ਅਗਿਆਨਤਾ ਕਾਰਨ ਮਨੁੱਖ ਆਪਣੇ ਆਪ ਨੂੰ ਸਰੀਰ ਸਮਝੀ ਬੈਠਾ ਹੈ ਅਤੇ ਇਸ ਦੀ ਸਾਰੀ ਭੱਜਦੌੜ ਸਰੀਰ ਦੀ ਪਾਲਣਾ ਪੋਸਣਾ ਤਕ ਹੀ ਸੀਮਿਤ ਹੈ। ਜਿੰਨੀ ਦੇਰ ਤਕ ਆਤਮਾ ਦੀ ਪਛਾਣ ਨਹੀਂ ਹੁੰਦੀ ਉਨੀ ਦੇਰ ਤਕ ਜਨਮ ਮਰਨ ਦਾ ਚੱਕਰ ਚਲਿਆ ਰਹਿੰਦਾ ਹੈ। ਆਤਮਾ ਦੀ ਪਛਾਣ ਹੋਣੀ ਓਨੀ ਦੇਰ ਤਕ ਅਸੰਭਵ ਹੈ ਜਿੰਨੀ ਦੇਰ ਤਕ ਮਨੁੱਖ ਨੂੰ ਗੁਰੂ ਨਹੀਂ ਮਿਲਦਾ। ਸੋ ਆਤਮਾ ਨੂੰ ਪਛਾਣ ਕੇ ਅਮਰ ਹੋਣ ਦਾ ਭੇਦ ਗੁਰੂ-ਪ੍ਰਾਪਤੀ ਅਤੇ ਗੁਰੂ ਤੋਂ ਨਾਮ-ਅੰਮ੍ਰਿਤ ਦੀ ਪ੍ਰਾਪਤੀ ਵਿਚ ਹੀ ਹੈ। ਨਾਮ ਅਭਿਆਸ ਦੀ ਤੁਫ਼ੈਲ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ। ਆਪਣੇ ਅਸਲੇ ਵਿਚ ਅਭੇਦ ਹੋ ਜਾਣਾ ਹੀ ਸਦ-ਜੀਵਨ ਹੈ:

ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥

[ਬਿਲਾਵਲੁ ਮ: ੫, ਪੰਨਾ ੮੦੮

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ.. ॥(੪੯੬)

ਅੰਮ੍ਰਿਤ ਤੋਂ ਭਾਵ ਹੈ ਉਹ ਪਦਾਰਥ, ਜਿਸ ਦਾ ਸੇਵਨ ਕਰ ਕੇ ਮਨੁੱਖ ਅਮਰ ਹੋ ਜਾਵੇ। ਇਸ ਲਈ ਅੰਮ੍ਰਿਤ-ਪ੍ਰਾਪਤੀ ਹਰੇਕ ਮਨੁਖ ਦੀ ਬੁਨਿਆਦੀ ਲੋਚਾ ਹੈ। ਸੰਸਾਰ ਦੇ ਸਾਰੇ ਧਰਮਾਂ ਵਿਚ ਅੰਮ੍ਰਿਤ ਦਾ ਵਰਨਣ ਮਿਲਦਾ ਹੈ। ਇਸ ਦਾ ਨਾਂ ਵੱਖ ਵੱਖ ਹੈ, ਜਿਵੇਂ ਅੰਗਰੇਜ਼ੀ ਵਿਚ ਨੈਕਟਰ (*nectar*) ਫ਼ਾਰਸੀ ਵਿਚ ਆਬਿ ਹਯਾਤ ਆਦਿ। ਪਰ ਭਾਵ ਸਾਰੇ ਸ਼ਬਦਾਂ ਦਾ ਇਕੋ ਹੀ ਹੈ—"ਅਮਰ ਕਰਨ ਵਾਲਾ ਪਦਾਰਥ"— ਅਮਰ ਹੋਣ ਬਾਰੇ ਵੀ ਆਮ ਮਨੁੱਖ ਭੁਲੇਖੇ ਵਿਚ ਹਨ। ਦੇਹ-ਅਧਿਆਸ ਵਿਚ ਰਸਿਆ ਹੋਇਆ ਮਨੁੱਖ ਸਰੀਰ ਕਰਕੇ ਅਮਰ ਹੋਣਾ ਲੋੜਦਾ ਹੈ, ਪਰ ਇਹ ਕੁਦਰਤ ਦਾ ਅਟੱਲ ਨਿਯਮ ਹੈ ਕਿ ਦਿੱਸਣ ਵਾਲੀ ਹਰੇਕ ਵਸਤੂ ਜਿਸ ਦਾ ਵਜੂਦ ਹੈ, ਉਹ ਬਿਨਸਣਹਾਰ ਹੈ।



www.AKJ.Org

ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ
॥੧੯॥ [ਵਾਰ ਮਾਰੂ ਡਖਣੇ, ੧੧੦੦

ਅਸਲ ਵਿਚ ਸਰੀਰ ਦੇ ਮੋਹ ਤੋਂ ਮੁਕਤ ਹੋ ਜਾਣਾ ਹੀ ਅਮਰ ਹੋਣਾ ਹੈ। ਸਰੀਰ ਦਾ ਮੋਹ ਓਨੀ ਦੇਰ ਤਕ ਛੁਟਦਾ ਨਹੀਂ ਜਿੰਨੀ ਦੇਰ ਤਕ ਆਤਮਾ ਦੀ ਪਛਾਣ ਨਹੀਂ ਹੁੰਦੀ ਅਤੇ ਜਿੰਨੀ ਦੇਰ ਤਕ ਸ਼ਬਦ ਪੂਰੀ ਤਰ੍ਹਾਂ ਸੁਰਤੀ ਵਿਚ ਪ੍ਰਵੇਸ਼ ਨਹੀਂ ਕਰ ਜਾਂਦਾ।

## ਗੁਰ ਦੀਖਿਆ ਅੰਮ੍ਰਿਤ (ਇਤਿਹਾਸਿਕ ਪੱਖ)—

ਇਤਿਹਾਸ ਨੂੰ ਵਾਚਿਆਂ ਸਿੱਖੀ ਦੇ ਅਰੰਭ ਕਾਲ ਵਿਚ ਗੁਰ-ਦੀਖਿਆ ਦੇ ਚਰਨਾਮ੍ਰਿਤ ਦੇ ਰੂਪ ਵਿਚ ਦਿਤੇ ਜਾਣ ਦਾ ਪ੍ਰਮਾਣ ਮਿਲਦਾ ਹੈ—

ਚਰਨ ਧੋਇ ਰਹਰਾਸ ਕਰ
ਚਰਨਾਮ੍ਰਿਤ ਸਿਖਾਂ ਪਿਲਾਇਆ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਸ ਵਿਚ ਤਬਦੀਲੀ ਆਈ ਅਤੇ ਚਰਨਾਮ੍ਰਿਤ ਦੀ ਥਾਵੇਂ "ਖੰਡੇ ਦਾ ਅੰਮ੍ਰਿਤ" ਪ੍ਰਚੱਲਤ ਕੀਤਾ ਗਿਆ। "ਚਰਨ-ਪਾਹੁਲ" ਅਤੇ "ਖੰਡੇ ਦੀ ਪਾਹੁਲ" ਰਾਹੀਂ ਗੁਰ-ਦੀਖਿਅਤ ਕਰਨ ਵਿਚ ਮੂਲ-ਤੱਤ ਪਹਿਲੇ ਵਾਂਗ "ਨਾਮ ਦ੍ਰਿੜ੍ਹਾਉਣਾ" ਹੀ ਰਿਹਾ। ਕੇਵਲ ਪਾਹੁਲ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ ਵਿਚ ਹੀ ਤਬਦੀਲੀ ਵਾਪਰੀ। ਤਬਦੀਲੀ ਦਾ ਅਸਲੀ ਕਾਰਨ ਤਾਂ ਗੁਰੂ ਆਪ ਜਾਣਦੇ ਹਨ, ਪਰ ਭਾਸਦਾ ਹੈ ਕਿ ਅਸਲੀ ਵਿਉਂਤ ਅਨੁਸਾਰ "ਗੁਰੂ-ਜੋਤਿ" ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਕਰ ਕੇ ਜੁਗਤਿ ਵਰਤਾਉਣ ਦਾ ਅਖ਼ਤਿਆਰ ਖ਼ਾਲਸਾ ਜੀ ਨੂੰ ਬਖ਼ਸ਼ੇ ਜਾਣ ਦਾ ਸਮਾਂ ਆ ਚੁਕਾ ਸੀ। ਖੰਡੇ ਦੀ ਪਾਹੁਲ ਬਖ਼ਸ਼ ਕੇ, ਗੁਰੂ ਪਾਤਸ਼ਾਹ ਜੀ ਨੇ ਸੰਸਾਰ ਨੂੰ 'ਖ਼ਾਲਸਾ' ਕਰ ਕੇ ਆਪਣੇ ਵਿਚ ਅਭੇਦ ਕਰ ਲਿਆ ਤੇ ਗੁਰੂ ਚੇਲੇ ਦਾ ਅੰਤਰ ਮਿਟਾ ਦਿਤਾ। ਸੀਸ-ਭੇਟ ਲਈ ਨਿੱਤਰੇ ਪਹਿਲੇ ਪੰਜਾਂ ਵਿਅਕਤੀਆਂ ਨੂੰ ਦੀਖਿਅਤ ਕਰ ਕੇ ਪੰਜ ਪਿਆਰਿਆਂ ਦਾ ਖ਼ਿਤਾਬ ਦਿਤਾ ਗਿਆ, ਫਿਰ ਉਹਨਾਂ ਦੇ ਮੂਹਰੇ ਹੀ ਅੰਮ੍ਰਿਤ-ਪ੍ਰਾਪਤੀ ਲਈ ਅੰਮ੍ਰਿਤ-ਦਾਤੇ ਦੇ ਪੇਸ਼ ਹੋਣ ਦੀ ਇਤਿਹਾਸਕ ਘਟਨਾ ਇਸ ਗੱਲ ਦਾ ਸੂਚਕ ਸੀ ਕਿ ਸਿੱਖ ਧਰਮ ਵਿਚ ਪ੍ਰਵੇਸ਼ ਹੋਣ ਵਾਸਤੇ ਸਾਰੀ ਉਮਤ ਲਈ ਛੋਟੇ, ਵੱਡੇ, ਅਮੀਰ, ਗਰੀਬ, ਇਸਤ੍ਰੀ, ਪੁਰਸ਼ ਦੇ ਵਿਤਕਰੇ ਤੋਂ ਬਗ਼ੈਰ, ਦੀਖਿਆ-ਅੰਮ੍ਰਿਤ ਦਾ ਪ੍ਰਾਪਤ ਕੀਤੇ ਜਾਣਾ ਹੁਕਮਨ ਲਾਜ਼ਮੀ ਹੈ ਅਤੇ ਕਿਸੇ ਨੂੰ ਵੀ ਇਸ ਤੋਂ ਛੋਟ ਨਹੀਂ ਹੋ ਸਕਦੀ।

ਇਸ ਧਰਮ ਵਿਚ ਦੀਖਿਅਤ ਕਰਨ ਲਈ ਕੋਈ ਨਿਸਚਿਤ ਪੰਜ ਵਿਅਕਤੀ ਨਹੀਂ ਹਨ। ਹਰੇਕ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਸਿੰਘ ਪੰਜ ਪਿਆਰਿਆਂ ਵਿਚ ਚੁਣੇ ਜਾਣ ਦਾ ਅਧਿਕਾਰੀ ਹੈ ਅਤੇ ਚੁਣਨ ਦਾ ਅਧਿਕਾਰ ਖ਼ਾਲਸਾ ਸਾਧ ਸੰਗਤ ਨੂੰ ਹੈ। ਇਸ ਵਿਚ ਵਿਸ਼ੇਸ਼ ਧਿਆਨ ਰੱਖਣ ਵਾਲੀ ਕੇਵਲ ਇਕੋ ਗੱਲ ਹੈ ਕਿ ਪੰਜਾਂ ਪਿਆਰਿਆਂ ਦੀ ਸੇਵਾ ਕੇਵਲ ਅਜਿਹੇ ਵਿਅਕਤੀਆਂ ਨੂੰ ਹੀ ਸੌਂਪੀ ਜਾਣੀ ਚਾਹੀਦੀ ਹੈ, ਜਿਨ੍ਹਾਂ ਦਾ ਨਾਮ ਸਿਮਰਨ ਸਾਸ ਗ੍ਰਾਸ ਹੋਵੇ ਤੇ ਜਿਨ੍ਹਾਂ ਦੇ ਅੰਦਰ ਜੋਤਿ ਦਾ ਪੂਰਨ ਪ੍ਰਕਾਸ਼ ਹੋਵੇ, ਕਿਉਂ ਜੁ ਕੋਈ ਜਗਦਾ ਦੀਵਾ ਹੀ ਬੁਝੇ ਹੋਏ ਦੀਵੇ ਨੂੰ ਜਗਾ ਸਕਦਾ ਹੈ। ਅੰਮ੍ਰਿਤ-ਸਮਾਗਮ ਦੀ ਸਮਾਪਤੀ ਮਗਰੋਂ "ਪੰਜ ਪਿਆਰੇ" ਫਿਰ ਖਾਲਸਾ ਭਾਈਚਾਰੇ ਵਿਚ ਗੁਰਭਾਈਆਂ ਨਾਲ ਸਿਖ-ਰੂਪ ਵਿਚ ਰਲ-ਮਿਲ ਜਾਂਦੇ ਹਨ। ਇਹ ਹੀ ਵਿਲੱਖਣਤਾ ਹੈ ਗੁਰਮਤਿ ਦੀ।

## ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਦੀ ਵਿਧੀ—

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਆਤਮ-ਦਰਸੀ ਪੂਰਨ ਜੋਤਿ-ਜਗੰਨੇ ਅੰਮ੍ਰਿਤਧਾਰੀ, ਖ਼ਾਲਸਾ ਰਹਿਤ ਵਿਚ ਤਿਆਰ-ਬਰ-ਤਿਆਰ ਪੰਜ ਸਿੰਘ ਤੇ ਇਕ ਗ੍ਰੰਥੀ ਸਿੰਘ ਆਪਸ ਵਿਚ ਇਕ ਇਕ ਕਰਕੇ ਸੋਧ ਸੁਧਾਈ ਕਰਦੇ ਹਨ। ਕਾਰਜ ਅਰੰਭਤਾ ਲਈ ਅਰਦਾਸਾ ਸੋਧਿਆ ਜਾਂਦਾ ਹੈ ਅਤੇ ਅੰਮ੍ਰਿਤ ਅਭਿ-ਲਾਖੀ ਸੱਜਣਾਂ ਦੀ ਵਾਰੋ ਵਾਰੀ ਪੇਸ਼ੀ ਲਈ ਜਾਂਦੀ ਹੈ। ਪਾਤਰ ਕੁਪਾਤਰ ਦੀ ਪਛਾਣ ਕਰ ਕੇ ਯੋਗ ਵਿਅਕਤੀਆਂ ਦੀ ਛਾਂਟ ਕੀਤੀ ਜਾਂਦੀ ਹੈ ਤੇ ਚੁਣ-ਕੱਢੇ ਵਿਅਕਤੀਆਂ ਨੂੰ ਇਕੱਠਿਆਂ ਅੰਦਰ ਬੁਲਾ ਲਿਆ ਜਾਂਦਾ ਹੈ। ਫਿਰ ਅੰਮ੍ਰਿਤ ਤਿਆਰ ਕਰਨ ਲਈ ਅਰਦਾਸਾ ਸੋਧਿਆ ਜਾਂਦਾ ਹੈ ਅਤੇ ਹੁਕਮਨਾਮਾ ਲੈਣ


www.AKJ.Org

ਉਪਰੰਤ ਸਰਬਲੋਹ ਦੇ ਬਾਟੇ ਵਿਚ ਸਵੱਛ ਜਲ ਅਤੇ ਪਤਾਸੇ ਪਾ ਕੇ ਪੰਜ ਸਿੰਘ ਵਾਰੋ ਵਾਰੀ ਪੰਜ ਅੰਮ੍ਰਿਤ-ਬਾਣੀਆਂ (ਜਪੁ, ਜਾਪੁ, ਸੁਧਾ ਸਵੈਯੇ, ਬੇਨਤੀ ਚਉਪਈ ਅਤੇ ਅਨੰਦ ਸਾਹਿਬ) ਦਾ ਇਕਾਗਰ-ਚਿਤ ਹੋ ਕੇ ਪਾਠ ਕਰਦੇ ਹਨ। ਇਕ ਹੱਥ ਨਾਲ ਸਰਬ ਲੋਹ ਦੇ ਖੰਡੇ ਨੂੰ ਜਲ ਵਿਚ ਰਗੜੀ ਜਾਂਦੇ ਹਨ ਅਤੇ ਦੂਜੇ ਹੱਥ ਨਾਲ ਸਰਬ ਲੋਹ ਦੇ ਬਾਟੇ ਨੂੰ ਥੰਮੀ ਰਖਦੇ ਹਨ। ਪਾਠ ਕਰਦੇ ਹੋਏ ਸੁਰਤੀ ਨੂੰ ਗੁਰਬਾਣੀ ਦੇ ਪਾਠ ਵਿਚ ਅਤੇ ਆਪਣੀ ਦ੍ਰਿਸਟੀ ਨੂੰ ਬਾਟੇ ਦੇ ਜਲ ਉਤੇ ਟਿਕਾਈ ਰਖਦੇ ਹਨ। ਜਗਿਆਸੂਆਂ ਨੂੰ ਖੜੇ ਹੋ ਕੇ ਇਕਾਗਰ-ਚਿਤ ਪਾਠ ਸ੍ਰਵਣ ਕਰਨ ਦਾ ਹੁਕਮ ਹੁੰਦਾ ਹੈ। ਬੀਰ-ਆਸਣ ਸਜੇ ਪੰਜਾਂ ਪਿਆਰਿਆਂ ਦੀ ਰਸਨਾ ਤੋਂ ਬੀਰ-ਰਸ ਵਿਚ ਕੀਤੇ ਅੰਮ੍ਰਿਤ-ਬਾਣੀ ਦੇ ਉਚਾਰਨ, ਨੇਤਰਾਂ ਦੀ ਅੰਮ੍ਰਿਤ-ਦ੍ਰਿਸ਼ਟੀ ਅਤੇ ਉਹਨਾਂ ਦੀ ਅੰਮ੍ਰਿਤ-ਭਿੰਨੀ-ਦੇਹੁਰੀ ਦੀ ਖੰਡੇ-ਬਾਟੇ ਰਾਹੀਂ ਸਪਰਸ਼ ਦੁਆਰਾ ਸਾਧਾਰਨ ਜਲ 'ਅੰਮ੍ਰਿਤ-ਕਲਾ' ਸੰਪੰਨ ਹੋ ਜਾਂਦਾ ਹੈ। ਇਸ ਅੰਮ੍ਰਿਤ ਦਾ ਪੰਜ ਪਿਆਰਿਆਂ ਦੁਆਰਾ ਅਭਿਲਾਖੀਆਂ ਦੇ ਮੁਖਾਰਬਿੰਦ, ਨੇਤਰਾਂ ਅਤੇ ਦਸਮ-ਦੁਆਰ ਵਿਚ ਸਿੰਚਾਰ ਕੀਤਾ ਜਾਂਦਾ ਹੈ, "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ" ਦਾ ਬਾਰ ਬਾਰ ਉਚਾਰਨ ਕਰਵਾ ਕੇ ਉਸ ਨੂੰ ਨਿਸਚਾ ਕਰਵਾਇਆ ਜਾਂਦਾ ਹੈ ਕਿ ਖ਼ਾਲਸਾ ਕਰਕੇ ਉਸ ਦਾ ਰਿਸ਼ਤਾ ਵਾਹਿਗੁਰੂ ਨਾਲ ਗੰਢਿਆ ਗਿਆ ਹੈ ਤੇ ਫ਼ਤਹ ਉਸ ਨੂੰ ਵਿਰਸੇ ਵਿਚ ਦਿਤੀ ਜਾ ਰਹੀ ਹੈ। ਨਾਲ ਹੀ ਅੰਮ੍ਰਿਤ-ਨਾਮ (ਗੁਰਮੰਤ੍ਰ) ਦ੍ਰਿੜ੍ਹਾਇਆ ਜਾਂਦਾ ਹੈ ਅਤੇ ਇਹ ਸਵਾਸ ਸਵਾਸ ਜਪਣ ਦਾ ਉਪਦੇਸ਼ ਦਿਤਾ ਜਾਂਦਾ ਹੈ। ਮੂਲ ਮੰਤਰ ਦਾ ਗਿਆਨ ਬਖ਼ਸ਼ਿਆ ਜਾਂਦਾ ਹੈ। ਗੁਰਮਤਿ ਰਹਿਤ ਦੱਸੀ ਤੇ ਦ੍ਰਿੜ੍ਹਾਈ ਜਾਂਦੀ ਹੈ, ਜਿਸ ਵਿਚ ਕਛਾ, ਕੜਾ, ਕਿਰਪਾਨ, ਕੰਘਾ, ਕੇਸਕੀ ਪੰਜ ਕਕਾਰੀ ਰਹਿਤ ਰਖਣਾ, ਨਿਤਾਪ੍ਰਤਿ ਅੰਮ੍ਰਿਤ ਵੇਲੇ ਘਟੋ ਘਟ ਪੰਜ ਬਾਣੀਆਂ ਦਾ ਨਿਤਨੇਮ ਕਰਨਾ, ਸ਼ਾਮ ਨੂੰ ਸੋਦਰ ਤੇ ਰਾਤ ਸਮੇਂ ਕੀਰਤਨ ਸੋਹਿਲੇ ਦਾ ਪਾਠ ਕਰਨਾ ਆਦਿ ਹੈ। ਕੁੱਠਾ ਖਾਣਾ, ਪਰ-ਤਨ ਗਮਨ, ਨਸ਼ਿਆਂ ਦਾ ਸੇਵਨ, ਕੇਸਾਂ ਦੀ ਬੇਅਦਬੀ ਇਹਨਾਂ ਚਾਰ ਬੱਜਰ-ਕੁਰਹਿਤਾਂ ਤੋਂ ਬਚਣਾ ਆਦਿ ਹਨ।

**ਅੰਮ੍ਰਿਤ ਦੀ ਵਿਸ਼ੇਸ਼ਤਾ—**

ਅਸਲ ਵਿਚ ਨਾਮ-ਅੰਮ੍ਰਿਤ ਦਾ ਖ਼ਜਾਨਾ ਹਰੇਕ ਮਨੁੱਖ ਦੇ ਅੰਦਰ ਲੁਪਤ ਵਿਧਾਤਾ ਵਲੋਂ ਰਖਿਆ ਹੋਇਆ ਹੈ। ਭਰਮ ਦੇ ਅਨ੍ਹੇਰੇ ਕਾਰਨ ਮਨੁਖ ਨੂੰ ਅੰਮ੍ਰਿਤ ਦੀ ਸਾਰ ਨਹੀਂ ਆਉਂਦੀ :

ਘਰਿ ਰਤਨ ਲਾਲ ਬਹੁ ਮਾਣਿਕ ਲਾਦੇ
ਮਨੁ ਭ੍ਰਮਿਆ ਲਹਿ ਨ ਸਕਾਈਐ ॥
[ਬਸੰਤ ਹਿੰਡੋਲ ਮ: ੪, ਪੰਨਾ ੧੧੭੯

ਮਾਇਆ ਦਾ ਭਰਮ-ਜਾਲ ਇੰਨਾ ਪ੍ਰਬਲ ਹੈ ਕਿ ਮਨੁਖ ਜ਼ਹਿਰ ਨੂੰ ਮਿੱਠੀ ਕਰਕੇ ਖਾਈ ਜਾ ਰਿਹਾ ਹੈ ਤੇ ਏਸੇ ਵਿਚ ਮਸਤ ਹੈ :

ਮੀਠੀ ਕਰਿ ਕਰਿ ਬਿਖਿਆ ਖਾਇ ॥੨॥ (੧੭੮)

ਅੰਮ੍ਰਿਤ ਦੇ ਖ਼ਜ਼ਾਨੇ ਨੂੰ ਮਾਇਆ ਦੇ ਏਜੰਟ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਲੁੱਟੀ ਜਾ ਰਹੇ ਹਨ। ਗੁਰੂ ਵਲੋਂ ਜਗਿਆਸੂਆਂ ਨੂੰ ਬਾਹਰੋਂ ਅੰਮ੍ਰਿਤ ਛਕਾ ਕੇ ਇਸ ਅੰਦਰਲੇ ਅੰਮ੍ਰਿਤ ਨੂੰ ਉਜਾਗਰ ਕੀਤਾ ਜਾਂਦਾ ਹੈ, ਜਿਵੇਂ ਨਲਕੇ ਦਾ ਪਾਣੀ ਜੇ ਉਤਰ ਜਾਵੇ ਤਾਂ ਬਾਹਰੋਂ ਪਾਣੀ ਪਾ ਕੇ ਹੇਠਲੇ ਪਾਣੀ ਨੂੰ ਉਪਰ ਲਿਆਈਦਾ ਹੈ।

ਅੰਮ੍ਰਿਤ ਮਨੁੱਖ ਦੇ ਤਨ ਅਤੇ ਮਨ ਦੋਹਾਂ ਨੂੰ ਬਲਵਾਨ ਕਰਦਾ ਹੈ। ਬਲਵਾਨ ਤਨ ਨਾਲ ਮਨੁੱਖ ਬਾਹਰਲੀਆਂ ਆਸੁਰੀ ਸ਼ਕਤੀਆਂ ਦਾ ਟਾਕਰਾ ਕਰ ਸਕਦਾ ਹੈ ਅਤੇ ਬਲਵਾਨ ਮਨ ਦੁਆਰਾ ਅੰਦਰਲੇ ਪੰਜਾਂ ਵੈਰੀਆਂ ਨੂੰ ਆਪਣੇ ਅਧੀਨ ਕਰ ਲੈਂਦਾ ਹੈ। ਇਤਿਹਾਸ ਗਵਾਹ ਹੈ ਕਿ ਅੰਮ੍ਰਿਤਧਾਰੀ ਖਾਲਸੇ ਨੇ ਉਹਨਾਂ ਜਰਵਾਣਿਆਂ ਨੂੰ ਜਿਹੜੇ ਆਏ ਦਿਨ ਭਾਰਤ ਦੀਆਂ ਬਹੂ-ਬੇਟੀਆਂ ਦੀ ਪੱਤ ਲੁਟਦੇ ਆ ਰਹੇ ਸਨ, ਨੱਕ ਨਾਲ ਚਨੇ ਚਬਵਾਏ। ਉਹਨਾਂ ਦਾ ਅਜਿਹਾ ਲੱਕ ਤੋੜਿਆ ਕਿ ਅਜ ਤੱਕ ਖ਼ਾਲਸੇ ਦਾ ਲੋਹਾ ਮੰਨਦੇ ਹਨ।

ਅੰਮ੍ਰਿਤ ਛਕ ਕੇ ਚਿੜੀਆਂ ਬਾਜਾਂ ਉਤੇ ਹਾਵੀ ਹੋ

[ਬਾਕੀ ਦੇਖੋ ਸਫ਼ਾ ੧੭ ਵਿਚਕਾਰ]



www.AKJ.Org

ਜਾਗਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਦ-ਛੇਦ ਸਰੂਪ ਸਬੰਧੀ

# ਪੰਥਕ ਗੁਰਮਤੇ ਦੀ ਲੋੜ

ਸਾਨੂੰ ਖ਼ੁਸ਼ੀ ਹੈ ਕਿ ਚੀਫ਼ ਖ਼ਾਲਸਾ ਦੀਵਾਨ ਦੇ ਸਪਤਾਹਤਕ "ਖ਼ਾਲਸਾ ਐਡਵੋਕੇਟ" ਮਿਤੀ ੨੩ ਅਗਸਤ ੧੯੭੯ ਵਿਚ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਛੇਦ ਸਰੂਪ ਛਾਪਣ ਦੇ ਆਪ-ਹੁਦਰੇ ਕਰਮ ਦੇ ਵਿਰੁੱਧ ਅਵਾਜ਼ ਉਠਾਈ ਗਈ ਹੈ ਅਤੇ ਇਸ ਮਸਲੇ ਬਾਰੇ ਪੰਥਕ ਗੁਰਮਤੇ ਦੀ ਲੋੜ ਤੇ ਜ਼ੋਰ ਦਿਤਾ ਗਿਆ ਹੈ।

ਅਸੀਂ ਚੀਫ਼ ਖ਼ਾਲਸਾ ਦੀਵਾਨ ਨੂੰ ਬੇਨਤੀ ਕਰਾਂਗੇ ਕਿ ਇਕ ਦੋ ਲੇਖ ਲਿਖਵਾ ਕੇ ਹੀ ਬਸ ਨਾ ਕਰ ਦਿਤੀ ਜਾਵੇ, ਸਗੋਂ ਦੀਵਾਨ ਵਲੋਂ ਸ਼ੀਘਰ ਹੀ ਕੋਈ ਨਿਗਰ ਕਦਮ ਚੁਕਿਆ ਜਾਵੇ ਅਤੇ ਦੀਵਾਨ ਫ਼ੌਰੀ ਤੌਰ ਤੇ ਗੁਰਮਤਾ ਸੋਧ ਕੇ ਸ਼੍ਰੋਮਣੀ ਕਮੇਟੀ ਨੂੰ ਪਦ-ਛੇਦ ਬੀੜਾਂ ਛਾਪਣ ਤੋਂ ਰੋਕ ਦੇਵੇ ਅਤੇ ਜਿੰਨਾ ਚਿਰ ਪੰਥਕ ਪਧਰ ਤੇ ਕੋਈ ਫ਼ੈਸਲਾ ਨਹੀਂ ਹੋ ਜਾਂਦਾ, ਉਨਾ ਚਿਰ ਪਦ-ਛੇਦ ਬੀੜ ਦੀ ਛਪਾਈ ਠਪ ਕਰਵਾ ਦਿਤੀ ਜਾਵੇ। ਜੇ ਦੀਵਾਨ ਨੇ ਇਸ ਕੌਮੀ ਫ਼ਰਜ਼ ਨੂੰ ਨਿਭਾਉਣ ਵਿਚ ਢਿਲਿ-ਆਈ ਵਰਤੀ ਤੇ ਦੇਰੀ ਕੀਤੀ ਤਾਂ ਸ਼੍ਰੋਮਣੀ ਕਮੇਟੀ ਦੀ ਪਦ-ਛੇਦ ਬੀੜ ਛਪ ਕੇ ਤਿਆਰ ਹੋ ਜਾਏਗੀ। ਚੀਫ਼ ਖ਼ਾਲਸਾ ਦੀਵਾਨ ਇਸ ਕਾਰਜ ਨੂੰ ਵੇਲੇ ਸਿਰ ਹੱਥ ਵਿਚ ਲੈ ਕੇ ਗੁਰਸਿਖ ਸੰਗਤਾਂ ਦੀ ਅਗਵਾਈ ਕਰੇ, ਤੇ ਸੰਗਤਾਂ ਦੀਵਾਨ ਦੇ ਨਾਲ ਹਨ।

—ਸੰਪਾਦਕ

ਗੁਰੂ-ਪੰਥ ਦੇ ਜੁਗੋ ਜੁਗ ਅਟੱਲ, ਸਦ ਹਾਜ਼ਰ ਨਾਜ਼ਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਦ-ਛੇਦ ਸਰੂਪ ਸਬੰਧੀ ਕੌਮ ਦੇ ਧਾਰਮਿਕ ਹਲਕਿਆਂ ਵਿਚ ਇਕ ਸੁਰ ਉਚੇਰੀ ਹੋਣ ਲਗੀ ਹੈ। ਵੱਖ ਵੱਖ ਖ਼ਿਆਲਾਂ ਵਾਲੇ, ਪ੍ਰੰਤੂ ਇਕ ਸਾਂਝੇ ਸਿਖੀ ਅਕੀਦੇ ਦੇ ਧਾਰਨੀ ਗੁਰਸਿਖਾਂ ਵਲੋਂ ਆਏ ਦਿਨ ਚੀਫ਼ ਖ਼ਾਲਸਾ ਦੀਵਾਨ ਨੂੰ ਸੰਬੋਧਿਤ ਚਿੱਠੀਆਂ ਵਿਚ ਇਸ ਅਤਿਅੰਤ ਗੰਭੀਰ ਮਸਲੇ ਪ੍ਰਤੀ ਸੰਜੀਦਾ ਪੁਛ ਗਿਛ ਕੀਤੀ ਜਾਂਦੀ ਹੈ। ਇਸ ਮਸਲੇ ਦੇ ਧਾਰਮਿਕ, ਸਿਧਾਂਤਕ, ਵਿਉ-ਪਾਰਕ ਤੇ ਲਾਹੇਵੰਦੇ ਪੱਖਾਂ ਦੀ ਪਰਖ-ਪੜਤਾਲ ਤੇ ਪੁਣ ਛਾਣ ਲਈ ਕੋਈ ਵੀ ਇਕੱਲੀ ਜਥੇਬੰਦੀ ਜਾਂ ਸੰਸਥਾ ਸਮਰਥ ਨਹੀਂ ਹੋ ਸਕਦੀ, ਭਾਵੇਂ ਉਸ ਦੀ ਕਾਨੂੰਨੀ ਜਾਂ ਸਮਾਜੀ ਮਹੱਤਤਾ ਕੇਡੀ ਵੀ ਕਿਉਂ ਨਾ ਹੋਵੇ, ਜਾਂ ਉਹ ਬਹੁਗਿਣਤੀ ਦੀ ਨੁਮਾਇੰਦਾ ਹੋਣ ਦਾ ਜਾਇਜ਼ ਦਾਅਵਾ ਵੀ ਕਿਉਂ ਨਾ ਕਰਦੀ ਹੋਵੇ। ਧਾਰਮਿਕ ਸਿਧਾਂਤਾਂ, ਆਦਰਸ਼ਾਂ ਤੇ ਪਰੰਪਰਾਵਾਂ ਤੇ ਉਸਰੀ ਕੋਈ ਵੀ ਕੌਮ ਆਪਣੀ ਮਾਣ-ਮਰਿਆਦਾ ਤਾਂ ਹੀ ਕਾਇਮ ਰਖ ਸਕਦੀ ਹੈ ਜੇ ਉਹ ਬਹੁ-ਗਿਣਤੀ ਜਾਂ ਬਹੁ-ਸੰਮਤੀ ਦੀ ਥਾਂ ਸਰਬ-ਸੰਮਤੀ ਤੇ ਸੰਮੂਹਕ ਪ੍ਰਮਾਣੀਕਤਾ ਦੇ ਦੈਵੀ ਸਿਧਾਂਤ ਤੇ ਦ੍ਰਿੜ੍ਹਤਾ ਨਾਲ ਅਮਲ ਕਰ ਸਕੇ।

'ਧਰਮ', 'ਧਰਮ-ਸਿਧਾਂਤਾਂ' ਤੇ 'ਧਰਮ-ਪੁਸਤਕ' ਜਿਹੇ ਅਤਿ ਬੁਨਿਆਦੀ ਪ੍ਰਸ਼ਨ ਨੂੰ ਵੀ ਜੇ ਕੁਝ ਲੋਕਾਂ ਦੀ ਰਜ਼ਾਮੰਦੀ ਤੇ ਕੁਝ ਹੋਰ, ਵਧ ਜਾਂ ਘਟ ਲੋਕਾਂ ਦੀ 'ਨਾ-ਪਸੰਦੀ' ਦੀ ਕਸਵਟੀ ਤੇ ਹੀ ਪਰਖਿਆ ਤੇ ਨਿਰਖਿਆ ਜਾਣਾ ਹੈ ਤਾਂ ਫਿਰ ਧਰਮ ਤੇ ਅਧਰਮ, ਰੂਹਾਨੀਅਤ ਤੇ ਸ਼ੈਤਾਨੀ ਮਾਦਾ-ਪ੍ਰਸਤੀ ਅਤੇ ਦਿਲ ਤੇ ਦਿਮਾਗ ਵਿਚ ਕੋਈ ਫ਼ਰਕ ਢੂੰਢਣ ਦੀ ਲੋੜ ਹੀ ਕੀ ਹੈ! ਜਿਵੇਂ ਕੋਈ ਦਿਲ ਤੋਂ ਬਿਨਾ ਜ਼ਿੰਦਾ ਜਿਸਮ ਦੀ ਹੋਂਦ ਸਵੀਕਾਰ ਨਹੀਂ ਕਰ ਸਕਦਾ, ਠੀਕ ਉਵੇਂ 'ਧਰਮ-ਪੁਸਤਕ' ਦੀ ਪਦਵੀ ਤੇ ਸਰੂਪ ਸਬੰਧੀ ਰਤਾ ਜਿੰਨੇ 'ਮਤ-ਭੇਦ' ਦੀ ਗੁੰਜਾਇਸ਼ ਲਈ ਵੀ ਕੋਈ ਥਾਂ ਨਹੀਂ। ਫਿਰ ਸਿਖਾਂ ਜਿਹੀ, ਧਾਰਮਿਕ ਜਜ਼ਬੇ ਨਾਲ ਡੁਲ੍ਹ ਡੁਲ੍ਹ ਪੈਂਦੀ ਸਿਦਕਵਾਨ ਕੌਮ, ਜਿਸ ਨੇ ਨਿਰੋਲ (ਸ੍ਰੀ) ਗੁਰੂ ਗ੍ਰੰਥ (ਸਾਹਿਬ) ਦੇ ਇਲਾਹੀ ਫ਼ੁਰਮਾਣਾਂ ਤੇ ਅਨੂਠੇ ਧਰਮ-ਸਿਧਾਂਤਾਂ ਦੀ ਤਾਬਿਆ



www.AKJ.Org

ਰਹਿੰ ਦਿਆ ਏਡੇ ਸ਼ਾਨਦਾਰ ਦੁਨਿਆਵੀ ਤੇ ਰਾਜਸੀ ਇਤਿਹਾਸ ਦੀ ਸਿਰਜਣਾ ਕਰ ਵਿਖਾਈ ਹੈ, ਕਿਵੇਂ ਤੇ ਕਿਹੜੇ ਦਿਲ ਨਾਲ ਦਸਾਂ-ਪਾਤਸ਼ਾਹੀਆਂ ਦੀ ਜ਼ਾਹਿਰਾ ਜੋਤਿ ਗੁਰੂ-ਗ੍ਰੰਥ ਸਾਹਿਬ ਦੇ ਸਰੂਪ ਦੀ ਨੁਹਾਰ ਬਦਲਣ ਦੇ ਜਿੰਦ-ਜਾਨ ਦੇ ਮਸਲੇ ਨੂੰ, ਕੁਝ ਲੋਕਾਂ ਦੀ ਮਰਜ਼ੀ ਤੇ ਛਡ ਸਕਦੀ ਹੈ। ਇਸ ਧਰਮ-ਮਸਲੇ ਦੀ ਗੰਭੀਰਤਾ ਤੇ ਨਜ਼ਾਕਤ ਪਛਾਣਨ ਲਈ ਇਸ ਦੀ ਤਹਿ ਤਕ ਜਾਣਾ ਅਤਿਅੰਤ ਅਵਸ਼ਕ ਹੈ। ਇਹ ਕੋਈ ਦਿਮਾਗੀ ਘੁਣਤਰਬਾਜ਼ੀਆਂ ਜਾ ਜਲਦਬਾਜ਼ੀ ਵਿਚ 'ਚਿੜੀਓ ਮਰ ਜਾਓ, ਚਿੜੀਉ ਜੀਉ ਪਵੋ' ਵਾਲੀ ਖੇਡ ਨਹੀਂ।

ਪਿਛਲੀ ਪੌਣੀ ਸਦੀ ਦਾ ਇਤਿਹਾਸ ਗਵਾਹ ਹੈ, ਚੀਫ਼ ਖਾਲਸਾ ਦੀਵਾਨ, ਸਤਿਗੁਰਾਂ ਦੀ ਸਾਜੀ-ਨਿਵਾਜੀ ਮਾਣ-ਮਤੀ ਸਿਖ ਕੌਮ ਦੇ ਨਿਰਮਾਣ, ਮਸਕੀਨ ਸੇਵਕ ਦਾ ਕਰਤਵ ਨਿਭਾਉਂਦਾ ਆ ਰਿਹਾ ਹੈ। ਦੀਵਾਨ ਦੇ ਖਾਮੋਸ਼ ਸੇਵਕਾਂ ਦੀ ਇਕੋ ਲਾਲਸਾ ਹੈ 'ਧਰਮ-ਸਿਧਾਂਤ ਗੁਰ ਮਰਯਾਦਾ, ਗੌਰਵ-ਮਈ ਸਿਖ ਇਤਿਹਾਸ ਤੇ ਸ਼ਾਨਦਾਰਾਂ ਪਰੰਪਰਾਵਾਂ ਦੀ ਸੁਚੇਤ ਪਹਿਰੇਦਾਰੀ!' ਏਸੇ ਜਜ਼ਬੇ ਦੇ ਤਹਿਤ ਹੀ ਗੁਰਮਤਿ ਦੇ ਆਦਿ ਅੰਤ ਸੋਮੇ, ਸ੍ਰੀ ਗੁਰੂ ਗ੍ਰੰਥ ਦੇ ਪਦ-ਛੇਦ ਸਰੂਪ ਸਬੰਧੀ ਦੀਵਾਨ ਬੜੀ ਮਸਕੀਨਤਾ, ਅਦਬ ਤੇ ਆਜਜ਼ੀ ਸਹਿਤ ਸਮੂਹ ਪੰਥ ਦਰਦੀਆਂ, ਸਨਮਾਨਤ ਆਗੂਆਂ ਤੇ ਵਿਦਵਾਨਾਂ, ਸੰਪਰਦਾਈ ਮੁਖੀਆਂ ਤੇ ਸੰਤ ਸਮਾਜ ਦੇ ਸਿਰਮੌਰਾਂ ਆਦਿ ਨੂੰ ਬੇਨਤੀ ਕਰਦਾ ਹੈ ਕਿ ਇਸ ਇੰਤਹਾਈ ਗਹਿਰ-ਗੰਭੀਰ ਸਮਸਿਆ ਦੇ ਵਖ ਵਖ ਪਹਿਲੂਆਂ ਦੀ ਵਿਚਾਰ ਲਈ ਇਕ ਅੰਤਰ-ਰਾਸ਼ਟਰੀ ਪੰਥਕ ਸੰਮੇਲਨ ਬੁਲਾਇਆ ਜਾਵੇ, ਜਿਸ ਵਿਚ 'ਪਦ-ਛੇਦ ਬੀੜ ਹੋਣ ਜਾਂ ਨਾ ਹੋਣ' ਸਬੰਧੀ, ਗੁਰਮਤੇ ਦੇ ਰੂਪ ਵਿਚ ਫ਼ੈਸਲਾ ਲੈ ਲਿਆ ਜਾਵੇ।

ਗੁਦਾਵਰੀ ਕੰਢੇ, ਦਸਮ ਪਾਤਸ਼ਾਹ ਦੇ ਜੋਤੀ ਜੋਤਿ ਸਮਾਉਣ ਤੋਂ ਪਿਛੋਂ, ਬਾਬਾ ਬੰਦਾ ਸਿੰਘ ਬਹਾਦਰ, ਤੇ ਸਿਖ ਮਿਸਲਾਂ ਦੌਰਾਨ ਨਾ ਕੇਵਲ ਧਾਰਮਿਕ ਸਗੋਂ ਰਾਜਸੀ ਤੇ ਕਈ ਵਾਰੀ ਮਿਸਲਦਾਰ ਸਰਦਾਰਾਂ ਦੇ ਜ਼ਾਤੀ ਬਖੇੜਿਆਂ ਦੇ ਹੱਲ ਹਮੇਸ਼ਾ ਗੁਰਮਤੇ ਰਾਹੀਂ ਢੂੰਢੇ ਜਾਂਦੇ ਸਨ। ਛਾਪਣ-ਛਪਾਉਣ ਦੀ ਗੱਲ ਤਾਂ ਦਰ ਕਿਨਾਰ, ਅਜੇ ਤਾਂ ਕੌਮ ਸਾਂਝੇ ਰੂਪ ਵਿਚ ਇਕੋ ਅਵਾਜ਼ ਹੋ ਕੇ ਇਹ ਫ਼ੈਸਲਾ ਹੀ ਨਹੀਂ ਕਰ ਸਕੀ ਕਿ 'ਪਦ-ਛੇਦ ਸਰੂਪ' ਹੋਵੇ ਜਾਂ ਨਾ, ਤੇ ਜਾਂ ਕੀ ਅਜਿਹਾ ਕਰਨਾ ਅਵਗਿਆ ਤਾਂ ਨਹੀਂ। **ਬਾਜ਼ਾਰੀ ਪ੍ਰਕਾਸ਼ਕਾਂ ਤੇ ਪੁਸਤਕ ਵਿਕਰੇਤਾਵਾਂ ਨੇ ਬਿਨਾਂ ਕਿਸੇ ਪੰਥਕ ਨਿਰਣੈ ਦੇ ਪਦ ਛੇਦ ਬੀੜਾਂ ਛਾਪ ਕੇ ਘੋਰ ਅਪ੍ਰਾਧ ਕੀਤਾ ਹੈ ਤੇ ਉਹਨਾਂ ਕੇਵਲ ਮਾਇਕ ਲੋਭ ਲਾਲਚ, ਮੁਨਾਫੇ ਦੀ ਗਰਜ਼ ਖ਼ਾਤਰ ਕੀਤਾ।** ਇਸ ਅਨਰਥ ਲਈ ਪਸ਼ਚਾਤਾਪ ਕਿਵੇਂ ਕੀਤਾ ਜਾਵੇ। ਇਹ ਵੀ ਇਕ ਓਡਾ ਹੀ ਤਸ਼ਵੀਸ਼ਨਾਕ ਮਸਲਾ ਹੈ।

ਇਹ ਪੰਥਕ ਸਮੇਲਨ ਕੌਣ ਬੁਲਾਵੇ? ਸੁਆਲ ਹੋ ਸਕਦਾ ਹੈ ਤੇ ਇਸ ਦਾ ਜਵਾਬ ਹੈ ਸ਼੍ਰੋਮਣੀ ਕਮੇਟੀ। ਚੀਫ਼ ਖਾਲਸਾ ਦੀਵਾਨ, ਹਮੇਸ਼ਾ ਹੀ ਕੌਮ ਦੇ ਧਾਰਮਿਕ, ਰਾਜਨੀਤਕ ਤੇ ਸਭਿਆਚਾਰਕ ਮਸਲਿਆਂ ਤੇ ਵਿਚਾਰ ਵਟਾਂਦਰੇ ਲਈ ਸ਼੍ਰੋਮਣੀ ਕਮੇਟੀ ਨੂੰ ਪਹਿਲੇ ਦਰਜੇ ਦੀ ਅਹਿਮੀਅਤ ਦੇਂਦਾ ਆਇਆ ਹੈ। ਚੂੰਕਿ ਸ਼੍ਰੋਮਣੀ ਕਮੇਟੀ 'ਪਦ-ਛੇਦ' ਬੀੜ ਦੇ ਛਪਵਾਉਣ ਦਾ ਪ੍ਰਬੰਧ ਕਰ ਰਹੀ ਹੈ ਇਸ ਲਈ ਬਾਜ਼ਾਰੀ ਦੁਕਾਨਦਾਰਾਂ ਤੇ ਕਿਤਾਬੀ ਵਿਉਪਾਰੀਆਂ ਦੇ ਕਮਾਏ ਕੁਕਰਮ ਵਿਚ ਭਾਗੀ ਬਣਨ ਤੋਂ ਪਹਿਲਾਂ ਕਮੇਟੀ ਦੇ ਸਨਮਾਨਤ ਰੁਕਨ ਤੇ ਸਤਿਕਾਰ-ਯੋਗ ਪਤਵੰਤੇ ਸਜਣ ਕੌਮ ਦੀ ਅਵਾਜ਼ ਵਲ ਜ਼ਰੂਰ ਧਿਆਨ ਦੇਣ! ਇੰਜ ਕਰਨਾ ਮਹਿਜ਼ ਫਰਜ਼ ਹੀ ਨਹੀਂ, ਮੁਕੱਦਸ ਫਰਜ਼ ਹੈ ਅਤੇ ਪਵਿਤਰ ਕਰਤਵ ਹੈ।

ਸ਼ਬਦ-ਰੂਪ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਨ ਵੇਲੇ ਸ਼ਰਧਾਲੂ ਦਸ ਗੁਰੂ ਜੋਤਾਂ ਤੇ ਬ੍ਰਹਿਮੰਡ ਦੀ ਪਰਮ ਹਸਤੀ ਵਾਹਿਗੁਰੂ ਦਾ ਧਿਆਨ ਅੰਤਰ ਆਤਮੇ ਧਰਦਾ ਹੈ। ਇਸ ਵਿਚਲੀ ਇਲਾਹੀ ਬਾਣੀ 'ਨਿਰੰਕਾਰ' ਦਾ ਸਰੂਪ ਹੋਣ ਕਾਰਨ ਵੇਦ-ਕਤੇਬਾਂ (ਪੂਰਬੀ ਤੇ ਪਛਮੀ ਸਾਮੀ ਧਰਮ ਪੁਸਤਕਾਂ) ਤੋਂ ਬਿਲਕੁਲ ਨਵੇਕਲੇ ਅਨੂਪਮ ਰੁਤਬੇ ਦੀ ਮਾਲਕ ਹੈ ਤੇ ਨਾ ਹੀ ਇਹ ਕੋਈ ਇਤਿਹਾਸ ਦੀ ਕਥਾ-ਕਹਾਣੀ ਹੈ ਕਿ ਜਿਵੇਂ ਚਾਹਿਆ, ਤੋੜ ਮਰੋੜ ਲਿਆ।

ਕਿਸੇ ਕੇਂਦਰੀ ਪੰਥਕ ਸਤਾ (ਅਥਾਰਟੀ) ਦੀ



www.AKJ.Org

ਅਣਹੋਂਦ ਕਾਰਨ ਅਗੇ ਕੀ ਸਿਖ ਇਤਿਹਾਸ ਨਾਲ ਘਟ ਜ਼ੁਲਮ ਹੋਇਆ ਹੈ ? ਕਿਵੇਂ ਆਪੂੰ ਬਣੇ ਤਾਰੀਖ਼-ਦਾਨਾਂ ਨੇ ਨਵੀਨ ਇਤਿਹਾਸ ਦੀ ਖੋਜ-ਬੀਨੀ ਦੀ ਸ਼ੁਗਲਬਾਜ਼ੀ ਵਿਚ ਇਤਿਹਾਸਕ ਰਵਾਇਤਾਂ ਦੇ ਸ਼ੁਧ ਸੋਨੇ ਨੂੰ ਮੁਲੰਮੇ ਦੀ ਪਾਣ ਦਿਤੀ ਹੈ ਤੇ ਕੀ 'ਪਦ ਛੇਦ ਸਰੂਪ' ਬਾਬਤ ਇਕਲਵਾਂਝਿਆਂ, ਇਕ-ਪੱਖੀ ਫੈਸਲਾ ਕਰ ਕੇ ਸ਼੍ਰੋਮਣੀ ਕਮੇਟੀ ਨਵੀਆਂ ਉਲਝਣਾਂ ਤਾਂ ਨਹੀਂ ਸਹੇੜ ਰਹੀ : ਸ਼ੁਧ ਗੁਰਬਾਣੀ, ਗੁਰੂ-ਪਦਵੀ, ਅਰਥ ਬੋਧ ਤੇ ਅਨੇਕਾਂ ਇਸ ਕਿਸਮ ਦੇ ਮਿਲਦੇ ਜੁਲਦੇ ਸਿਧਾਂਤਕ ਝੇੜੇ ਤੇ ਅਣਗਿਣਤ ਪੇਚੀਦਗੀਆਂ । ਫਿਰ ਕਿਉਂ ਨਾ ਸ਼੍ਰੋਮਣੀ ਕਮੇਟੀ ਇਸ ਸਾਰੇ ਗੋਰਖ ਧੰਦੇ ਦੇ ਇਕੋ ਇਕ ਉਸਾਰੂ, ਠੋਸ, ਸਰਬ ਪ੍ਰਵਾਨਤ ਹਲ ਲਈ ਪੰਥਕ ਸਮੇਲਨ ਬੁਲਾਏ ਤੇ ਚਾਰੇ ਕੰਨੀਆਂ ਨਾਪ ਤੋਲ ਕੇ ਇਸ ਅਤਿ ਅਹਿਮ, ਬੁਨਿਆਦੀ ਸਵਾਲ ਦੇ ਜਵਾਬ ਲਈ 'ਪੰਥਕ ਗੁਰਮਤੇ' ਦੀ ਲੋੜ ਤੀਬਰਤਾ ਨਾਲ ਮਹਿਸੂਸ ਕਰੇ ।

—ਮਹਿੰਦਰ ਪਾਲ ਸਿੰਘ

---

[ਸਫ਼ਾ ੧੪ ਦੀ ਬਾਕੀ]

ਗਈਆਂ । ਬੰਦ ਬੰਦ ਕਟਵਾਣੇ, ਚਰਖੜੀਆਂ ਤੇ ਚੜ੍ਹਨਾ, ਖੋਪਰੀਆਂ ਉਤਰਾਉਣੀਆਂ ਆਦਿ ਇਹ ਸਭ ਅੰਮ੍ਰਿਤ ਦੇ ਕ੍ਰਿਸ਼ਮੇ ਹਨ । ਅੰਮ੍ਰਿਤਧਾਰੀ ਖ਼ਾਲਸੇ ਦੇ ਬਲਵਾਨ ਮਨ ਦੇ ਕਾਰਨਾਮੇ ਵੀ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖੇ ਹੋਏ ਹਨ ਕਿ ਭਾਰਤ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਨਵਯੁਵਤੀਆਂ ਨੂੰ ਗਿਲਜਿਆਂ ਦੇ ਪੰਜੇ ਵਿਚੋਂ ਛੁਡਾ ਕੇ ਉਹਨਾਂ ਦੇ ਘਰੋ ਘਰੀ ਸੁਰੱਖਿਅਤ ਪਹੁੰਚਾਇਆ ਗਿਆ। ਖ਼ਾਲਸੇ ਦੀ ਮਤਿ-ਪਤਿ ਦਾ ਰਾਖਾ ਗੁਰੂ ਹੈ ਅਤੇ ਅਗੋਂ ਗੁਰੂ ਨੇ ਸੰਸਾਰ ਦੇ ਨਿਤਾਣੇ ਲੋਕਾਂ ਦੀ ਪਤਿ-ਮਤਿ ਦੀ ਰਖਵਾਲੀ ਲਈ ਹੀ ਆਪਣਾ ਖ਼ਾਸੁਲ-ਖ਼ਾਸ ਰੂਪ "ਖ਼ਾਲਸਾ" ਸਾਜਿਆ ਹੋਇਆ ਹੈ । ਅੰਮ੍ਰਿਤ-ਪ੍ਰਾਪਤੀ ਦੀ ਤੁਫ਼ੈਲ ਖ਼ਾਲਸੇ ਅੰਦਰ ਪੈਦਾ ਹੋਈ ਬੀਰਤਾ ਦੀ ਧਾਂਕ ਸਾਰਾ ਸੰਸਾਰ ਮੰਨਦਾ ਹੈ ।

[ਬਾਕੀ ਅਗਲੇ ਪਰਚੇ ਵਿਚ, ਜਿਸ ਵਿਚ ਖ਼ਾਲਸਾ ਰਹਿਤ ਦੀ ਅਜੋਕੀ ਹਾਲਤ ਬਿਆਨ ਕੀਤੀ ਹੋਈ ਹੈ ।

---

# ਬਿਨ ਮਨ ਸਾਧੇ ਨਾਮ ਅਰਾਧੇ

[ਵਲੋਂ:—ਸ: ਸਾਧੂ ਸਿੰਘ ਜੀ ਸੂਫ਼ੀ]

ਜੋ ਆਇਆ ਸੋ ਗਿਆ ਝਾੜ ਹਥ, ਘਾਟਾ ਪਿਆ ਵਪਾਰੋਂ, ਜਗਤ ਵਿਹਾਰੋਂ ।
ਕੋਈ ਨ ਬਚਿਆ ਏਸ ਜਗਤ ਵਿਚ, ਏਸ ਜਗਤ ਦੀ ਮਾਰੋਂ, ਹੱਥ ਹੁਦਾਰੋਂ ।
ਡਿਗੀ ਕੂੰਜ ਵਣਾਂ ਵਿਚ ਰੋਈ, ਵਿਛੜ ਗਈ ਜਦ ਡਾਰੋਂ, ਨਸਲ ਪਿਆਰੋਂ ।
ਮੁੜ ਕੇ ਕੋਈ ਨਾ ਮਿਲਿਆ ਸੂਫ਼ੀ, ਜੋ ਤੁਰਿਆ ਸੰਸਾਰੋਂ, ਛੁੱਟ ਵਗਾਰੋਂ ।੨੭।

ਕੀਤੇ ਕਰਮ ਨਸ਼ਟ ਨਾ ਹੁੰਦੇ, ਬੋਧ ਬਿਨਾ ਸੁਣ ਯਾਰਾ, ਵੇਦ ਪੁਕਾਰਾ ।
ਬੋਧ ਬਿਨਾ ਵੈਰਾਗ ਨਾ ਹੁੰਦਾ, ਇਹ ਮਤ ਨਿਸਚੇ ਧਾਰਾ, ਅੰਤ ਪਿਆਰਾ ।
ਬਿਨ ਵਿਵੇਕ ਵੈਰਾਗ ਨਾ ਉਪਜੇ, ਸਾਰ ਅਸਾਰ ਵਿਚਾਰਾ, ਕਰ ਕੇ ਨਿਆਰਾ ।
ਬਿਨ ਸਾਧਨ ਕੁਝ ਬਣੇ ਨਾ ਸੂਫ਼ੀ, ਸਾਧਨ ਬਿਨ ਦੁਖਿਆਰਾ, ਇਹ ਜਗ ਸਾਰਾ ।੨੮।

ਬਿਨ ਮਨ ਸਾਧੇ ਨਾਮ ਅਰਾਧੇ, ਭਵਜਲ ਤਰਿਓ ਨਾ ਜਾਈ, ਜੋ ਦੁਖਦਾਈ ।
ਡੁਬਣ ਦੇ ਕਰ ਯਤਨ ਅਨੇਕਾ, ਮਨ ਡੁੱਬਿਆ ਕਰ ਧਾਈ, ਭੁਖ ਵਧਾਈ ।
ਲੋਕ ਦੁਖਾਏ, ਪਾਪ ਕਮਾਏ, ਬਣ ਕੇ ਜਨਮ-ਕਸਾਈ. ਦਯਾ ਨਾ ਆਈ ।
ਗਿਆਨ ਬਿਨਾ ਕਈ ਧਾਰ ਜਨਮ ਜਗ, ਸੂਫ਼ੀ ਸਮਝ ਨਾ ਪਾਈ, ਜੋ ਸੁਖਦਾਈ ।੨੯।

('ਸੂਫ਼ੀ ਡਿਉਢਾਂ' ਵਿਚੋਂ)



www.AKJ.Org

# ਜਿਉਂ ਕਰ ਸੂਰਜ ਨਿਕਲਿਆ

ਦੇਸਾਂ ਅਤੇ ਪ੍ਰਦੇਸਾਂ ਵਿਚ ਵਿਚਰ ਰਹੇ ਐਸੇ ਪ੍ਰਾਣੀ ਬਹੁਤ ਹਨ ਜਿਨ੍ਹਾਂ ਨੂੰ ਆਪਣੀ ਵਿੱਦਿਆ ਅੰਗ੍ਰੇਜ਼ੀ ਜ਼ਬਾਨ ਵਿਚ ਪ੍ਰਾਪਤ ਹੋਣ ਦੇ ਕਾਰਨ, ਨੇੜਿਓਂ ਹੋ ਕੇ ਗੁਰਸਿਖੀ ਨੂੰ ਦੇਖਣ ਦਾ ਮੌਕਿਆ ਨਹੀਂ ਮਿਲਿਆ, ਅਤੇ ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਬਨਾਵਟੀ ਦਰਸ਼ਨ ਬਾਜ਼ਾਰੀ ਮਨ-ਘੜਤ ਤਸਵੀਰਾ ਰਾਹੀਂ ਹੀ ਹੋਏ ਹੋਣਗੇ। ਐਸੇ ਪ੍ਰਾਣੀਆਂ ਨੂੰ ਗੁਰੂ ਨਾਨਕ ਸਾਹਿਬ ਦੇ ਅਸਲੀ ਦਰਸ਼ਨ–ਰਬ-ਰਜ਼ਾਇ ਦਰਸ਼ਨ–ਜਿਸ ਦਰਸ਼ਨ ਨੂੰ ਉਹ ਲੈ ਕੇ ਇਸ ਸੰਸਾਰ ਵਿਚ ਅਵਤਰੇ ਸਨ, ਉਸ ਦਰਸ਼ਨ ਦੇ ਦਿਦਾਰੇ, ਅੰਗ੍ਰੇਜ਼ੀ ਪੜ੍ਹੂ ਸੰਸਾਰੀਆਂ ਨੂੰ ਕਰਾਉਣ ਦਾ ਉਪਰਾਲਾ Dawn of Divine Wisdom (ਡਾਨ ਆਫ ਡੀਵਾਈਨ ਵਿਜ਼ਡਮ) ਨਾਮੇ ਟ੍ਰੈਕਟ ਰਾਹੀਂ, ਕੀਤਾ ਜਾ ਰਿਹਾ ਹੈ। ਜਿਹੜੇ ਪ੍ਰਾਣੀ ਗੁਰਸਿੱਖੀ ਦੇ ਦਰਸ਼ਨ ਗੁਰੂ ਨਾਨਕ ਸਾਹਿਬ ਜੀ ਦੀ ਗੋਦ ਵਿਚ ਬੈਠ ਕੇ ਕਰਨਾ ਚਾਹੁੰਦੇ ਹਨ ਉਨ੍ਹਾਂ ਵਾਸਤੇ ਇਹ ਟ੍ਰੈਕਟ ਦੁਰਲਭ ਹੈ।

ਗੁਰੂ ਨਾਨਕ ਸਾਹਿਬ ਦਾ ਦਸ-ਜਾਮਵੀ ਸਰੂਪ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਦਰਿ ਗੁਰਬਾਣੀ ਵਿਚ ਪ੍ਰੋਤਾ ਹੋਇਆ ਹੈ। ਉਪਰਾਲੇ ਤੋਂ ਬਿਨਾਂ ਇਹ ਦਰਸ਼ਨ ਹੋ ਨਹੀਂ ਸਕਦੇ। ਇਹ ਛੋਟਾ ਜਿਹਾ ਟ੍ਰੈਕਟ ਇਸ ਪ੍ਰਕਾਰ ਦਾ ਇਕ ਉਪਰਾਲਾ ਹੈ ਜਿਸ ਰਾਹੀਂ, ਗੁਰੂ ਕਿਰਪਾ ਦੁਆਰਾ ਗੁਰਬਾਣੀ ਦੀਆਂ ਕੁਝ ਕੁ ਸੰਬੰਧਤ ਤੁਕਾਂ ਗੁਰਮੁਖੀ ਵਿਚ ਲਿਖ ਕੇ ਉਨ੍ਹਾਂ ਦਾ ਉਲਥਾ ਸੌਖੀ ਅੰਗ੍ਰੇਜ਼ੀ ਵਿਚ ਕੀਤਾ ਗਿਆ ਹੈ। ਇਸ ਵਿਚ ਜੀਵ ਦੀ ਪਿਛਲੀ ਤਵਾਰੀਖ਼, ਹੁਣ ਦਾ ਹਾਲ ਅਤੇ ਆਉਣ ਵਾਲੇ ਸਮੇਂ ਦਾ ਨਕਸ਼ਾ, ਜਿਸ ਵਿਚੋਂ ਦੀ ਇਸ ਜੀਵ ਦੇ ਗੁਜ਼ਰ ਨਿਕਲਣ ਦੀ ਡਾਢੀ ਸੰਭਾਵਨਾ ਹੈ, ਗੁਰੂ-ਰੱਬ ਦੀ ਜ਼ਬਾਨੀ ਖਿਚਿਆ ਪਿਆ ਹੈ।

ਦੁਨੀਆ ਭਰ ਦੇ ਸਭ ਪੈਗੰਬਰਾਂ ਵਿਚੋਂ ਗੁਰੂ ਨਾਨਕ ਸਾਹਿਬ ਦੀ ਵਿਲੱਖਣਤਾ ਅਤੇ ਪਰਮ ਵਡਿਆਈ ਇਸ ਟ੍ਰੈਕਟ ਵਿਚ ਪ੍ਰਗਟ-ਪਹਾਰੇ ਝਲਕਾਂ ਮਾਰ ਰਹੀ ਹੈ। ਇਸ ਵਿਚ ਰੱਬ ਦਾ ਐਲਾਨ (Decisive declaration) ਕਿ "**ਮੈਂ ਸੰਸਾਰੀਆਂ ਨੂੰ ਕਿਸ ਬਿਧਿ ਮਿਲ ਸਕਦਾ ਹਾਂ**", ਸੂਰਜ ਵਤ ਚਮਕ ਰਿਹਾ ਹੈ। ਇਸ **ਬਿਧਿ** ਨੂੰ ਹੀ ਗੁਰੂ ਨਾਨਕ ਸਾਹਿਬ ਕਲਜੁਗੀਆਂ ਨੂੰ ਦੱਸਣ ਆਏ ਸਨ ਅਤੇ ਦੱਸੀ ਚਲੇ ਜਾ ਰਹੇ ਹਨ। ਆਓ, ਅਸੀਂ ਭੀ **ਇਸ ਬਿਧਿ** ਨੂੰ ਸੁਣ ਲਈਏ, ਪੜ੍ਹ ਲਈਏ, ਵੀਚਾਰ ਲਈਏ ਅਤੇ ਫਿਰ ਅਪਣਾ ਲਈਏ। **ਇਹ ਬਿਧਿ** ਹੀ ਗੁਰੂ ਨਾਨਕ ਸਾਹਿਬ ਦੀ ਪੂਰੀ ਤਸਵੀਰ ਹੈ। ਆਪੇ ਹੀ ਪੁੱਛ ਕੀਤੀ ਨੇ ਕਿ "**ਕਿਨ ਬਿਧਿ ਮਿਲੈ ਗੁਸਾਈ?**" ਫਿਰ ਆਪੇ ਹੀ ਦੱਸਿਆ ਨੇ ਕਿ "..... **ਇਨ ਬਿਧਿ ਮਿਲੈ ਗੁਸਾਈ॥**"

"**ਕਿਨ ਬਿਧਿ**" ਸਵਾਲ ਕਿਉਂ ਉੱਠਿਆ ਅਤੇ ਗੁਰੂ ਨਾਨਕ ਸਾਹਿਬ ਨੇ ਉੱਤਰ ਵਿਚ "**ਇਨ ਬਿਧਿ**" ਕੈਸੇ ਸਮਝਾਇਆ, ਇਸ ਟ੍ਰੈਕਟ ਵਿਚ ਮਹਿਕ ਰਿਹਾ ਹੈ।

ਗੁਰਮੁਖਿ ਸਚੇ ਸਚੁ ਲਿਖਹਿ ਵੀਚਾਰੁ ॥ ਸੇ ਜਨ
ਸਚੇ ਪਾਵਹਿ ਮੋਖਦੁਆਰੁ ॥ਸਚੁ ਕਾਗਦੁ ਕਲਮ
ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥
੭॥ (੧੨੩)

ਦੂਰ ਦੇਸਾਂ ਵਿਚ ਨਵੇਂ ਸਜੇ ਗੁਰਸਿਖਾਂ ਲਈ (ਜਿਨ੍ਹਾਂ ਨੇ ਗੁਰਮੁਖੀ ਸਿਖਣ ਦਾ ਭੀ ਉਪਰਾਲਾ ਕੀਤਾ ਹੋਇਆ ਹੈ) ਇਹ ਟ੍ਰੈਕਟ ਬੜਾ ਗੁਣਕਾਰੀ ਅਤੇ ਲਾਭਦਾਇਕ ਹੋਵੇਗਾ। ਜਿਨ੍ਹਾਂ ਗੁਰਸਿਖਾਂ ਦੇ ਬੱਚੇ ਧਾਰਮਕ ਵਿਦਿਆ ਹੀਣ ਸਕੂਲਾਂ ਦੇ ਪੜ੍ਹੇ ਹੋਏ ਹੋਣ ਕਰਕੇ ਅਤੇ ਕੁਝ ਹੱਦ ਤੱਕ ਮਾਪਿਆਂ ਵਲੋਂ ਠੀਕ ਪ੍ਰੇਰਨਾ ਨਾ ਮਿਲਣ ਕਰਕੇ, ਗੁਰਸਿੱਖੀ ਵੱਲੋਂ ਮੋਢਾ ਵੱਟੀ-ਫਿਰਦੇ ਹਨ, ਉਨ੍ਹਾਂ ਵਾਸਤੇ ਤਾਂ ਇਹ ਟ੍ਰੈਕਟ ਬਹੁਤ ਹੀ ਲਾਭਦਾਇਕ ਹੋਵੇਗਾ।

[ਨੋਟ : ਇਹ ਅੰਗਰੇਜ਼ੀ ਟ੍ਰੈਕਟ ਭਾ: ਸਾ: ਰਾਮ ਸਿੰਘ ਜੀ ਸਕੂਐਡਰਨ ਲੀਡਰ ਲਿਖਤ ਹੈ ਅਤੇ 'ਸੂਰਾ' ਪੱਤਰ ਵਲੋਂ ਵਧੀਆ ਕਾਗਜ਼ ਤੇ ਸੁੰਦਰ ਦੱਖ ਨਾਲ ਛਪਵਾਇਆ ਜਾ ਰਿਹਾ ਹੈ। ਭੇਟਾ ਲਾਗਤ ਮਾਤਰ ਸਵਾ ਕੁ ਰੁਪਿਆ ਹੋਵੇਗੀ। ਪਹਿਲਾਂ ਇਸ ਦੀਆਂ ਲੋੜ ਤੋਂ ਵਧ ਕਾਪੀਆਂ ਨਹੀਂ ਛਾਪੀਆਂ ਜਾਣੀਆਂ। ਸੋ ਆਪ ਨੂੰ ਜਿੰਨੀਆਂ ਕਾਪੀਆਂ ਦੀ ਲੋੜ ਹੋਵੇ, ਵਾਪਸੀ ਡਾਕੇ ਪਤਾ ਦੇਵੋ ਜੀ।

ਦਾਸ —ਮੈਨੇਜਰ, ਸੂਰਾ, ਮਾਈ ਸੇਵਾਂ, ਅੰਮ੍ਰਿਤਸਰ



www.AKJ.Org

# ਬਾਂਹਿ ਜਿਨ੍ਹਾਂ ਦੀ ਪਕੜੀਏ (੨)

[ਵਲੋਂ:—ਕੈਪਟਨ ਸਵਰਨ ਸਿੰਘ ਜੀ, ਮੁਖ ਅਧਿਆਪਕ, ਗੌ: ਹਾਈ ਸਕੂਲ, ਘੜਿਆਲਾ]

ਪਿਛਲੇ ਪਰਚੇ ਵਿਚ ਇਸ ਲੇਖ ਦਾ ਪਹਿਲਾ ਹਿੱਸਾ ਦਿਤਾ ਗਿਆ ਸੀ, ਜਿਸ ਵਿਚ ਮੁਸਲਮਾਨ ਹੁਕਮਰਾਨਾਂ ਵਲੋਂ ਹਿੰਦੂਆਂ ਤੇ ਢਾਹੇ ਗਏ ਜ਼ੁਲਮਾਂ ਦਾ ਨਕਸ਼ਾ, ਮੁਸਲਮਾਨ ਤ੍ਵਾਰੀਖ਼ਦਾਨਾਂ ਦੇ ਹਵਾਲਿਆਂ ਨਾਲ ਖਿਚਿਆ ਹੋਇਆ ਸੀ। ਇਸ ਦੂਜੇ ਹਿਸੇ ਵਿਚ ਔਰੰਗਜ਼ੇਬ ਦੇ ਜ਼ੁਲਮ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਦਾ ਮੁਖ ਪ੍ਰਯੋਜਨ ਇਤਿਹਾਸਕ ਹਵਾਲਿਆਂ ਨਾਲ ਪੇਸ਼ ਕਰ ਕੇ, ਨਵੀਨ ਖੋਜੀਆਂ ਦੀ ਖੋਜ ਦੇ ਪਾਜ ਉਘੇੜ ਕੇ, ਉਨ੍ਹਾਂ ਦੀਆਂ ਚੁੰਧਿਆਈਆਂ ਹੋਈਆਂ ਅੱਖਾ ਨੂੰ ਖੋਲ੍ਹਣ ਦਾ ਯਤਨ ਕੀਤਾ ਗਿਆ ਹੈ। ਨਵੀਨ ਖੋਜੀ ਸਜਣ ਇਸ ਲੇਖ ਤੋਂ ਸਬਕ ਹਾਸਲ ਕਰਨ। –ਸੰਪਾਦਕ

ਜੇ ਅਸੀਂ ਇਹ ਸਾਰੇ ਖ਼ੂਨੀ ਕਾਰਨਾਮੇ ਇਕ ਪਾਸੇ ਪਾ ਲਈਏ ਤੇ ਇਕੱਲੇ ਔਰੰਗਜ਼ੇਬ ਦੇ ਦੂਜੇ ਪਾਸੇ, ਤਾਂ ਔਰੰਗਜ਼ੇਬ ਇਕੱਲੇ ਦੇ ਜ਼ੁਲਮਾਂ ਦਾ ਪਲੜਾ ਕਈ ਗੁਣਾ ਭਾਰੀ ਹੈ ਅਤੇ ਉਹ ਇਸ ਦੌੜ ਵਿਚ ਬਹੁਤ ਅੱਗੇ ਹੈ। ਤੁਸੀਂ ਪਿਛਲਾ ਲੇਖ ਵਾਚ ਕੇ ਚੰਗੀ ਤਰ੍ਹਾਂ ਅਨੁਭਵ ਕਰ ਸਕਦੇ ਹੋ ਇਸ ਖ਼ੂਨੀ ਮਨੁੱਖ ਨੇ ਕੀ ਕੀ ਕਹਿਰ ਢਾਹੇ ਹੋਣਗੇ। ਹਿੰਦੂ ਵਾਸਤੇ ਜ਼ਿੰਦਗੀ ਦਾ ਦਰਵਾਜ਼ਾ ਬਿਲਕੁਲ ਬੰਦ ਸੀ। ਕੋਈ ਗੁਣਕਾਰੀ ਹਿੰਦੂ ਵਿਦਵਾਨ, ਹਕੀਮ, ਖਿਡਾਰੀ, ਕਾਰੀਗਰ, ਸੁੰਦਰ ਯੁਵਤੀ ਜਾਂ ਬੱਚਾ, ਹਿੰਦੂ ਰਹਿ ਕੇ ਜੀਊਣ ਦਾ ਸੁਪਨਾ ਵੀ ਨਹੀਂ ਸੀ ਲੈ ਸਕਦਾ।

ਔਰੰਗਜ਼ੇਬ ਸਾਰੇ ਭਾਰਤ ਨੂੰ ਦਾਰੁਲ ਇਸਲਾਮ, ਭਾਵ ਨਿਰੋਲ ਇਸਲਾਮੀ ਦੇਸ਼ ਬਨਾਉਣ ਦਾ ਸੁਪਨਾ ਲੈ ਰਿਹਾ ਸੀ। ਉਸ ਨੇ ਬੜੇ ਸਖ਼ਤ ਫ਼ੁਰਮਾਨ ਜਾਰੀ ਕੀਤੇ ਕਿ ਤਿਲਕ ਜੰਞੂ ਹਿੰਦੁਸਤਾਨ ਵਿਚ ਕਿਧਰੇ ਨਜ਼ਰ ਨਾ ਆਵੇ। ਹਿੰਦੂ ਕਾਫ਼ਰ ਤੇ ਇਸ ਦੇ ਸਾਰੇ ਪਰਗਟ ਚਿੰਨ੍ਹ ਸਫ਼ਾ-ਹਸਤੀ ਤੋਂ ਹਮੇਸ਼ਾ ਲਈ ਮਿਟਾ ਦਿਤੇ ਜਾਣ। ਦੂਜੇ ਸੂਬੇਦਾਰਾਂ ਵਾਂਗ ਗਵਰਨਰ ਕਸ਼ਮੀਰ ਨੇ ਵੀ ਹਿੰਦੂਆਂ ਤੇ ਸਖ਼ਤੀ ਦਾ ਦੌਰ ਚਾਲੂ ਕੀਤਾ। ਔਰੰਗਜ਼ੇਬ ਦੀ ਇਹ ਵਿਓਂਤ ਸੀ ਕਿ ਹਿੰਦੂਆਂ ਦੇ ਗੜ੍ਹ ਅਤੇ ਉਨ੍ਹਾਂ ਦੇ ਧਾਰਮਕ ਕੇਂਦਰ ਤੋੜ ਦਿੱਤੇ ਜਾਣ। ਸ੍ਰੀ ਨਗਰ, ਹਰਦਵਾਰ, ਰਿਖੀ-ਕੇਸ਼, ਭੇਵਾ, ਕੁਰੁਕਸ਼ੇਤਰ, ਉਜੈਨ ਤੇ ਗਯਾ, ਬਿੰਦਰਾ ਬਨ, ਬਨਾਰਸ, ਮਥਰਾ, ਅਯੁਧਿਆ, ਪ੍ਰਯਾਗ ਰਾਜ ਵਗੈਰਾ ਹਿੰਦੂ ਸੰਸਕ੍ਰਿਤੀ ਅਤੇ ਸਭਿਅਤਾ ਦੇ ਕੇਂਦਰਾਂ ਨੂੰ ਬਰਬਾਦ ਕਰ ਦਿਤਾ ਜਾਵੇ। ਬਾਕੀ ਦੀ ਜਨਤਾ ਖ਼ੁਦ ਬਖ਼ੁਦ ਭੈਭੀਤ ਹੋ ਕੇ ਇਸਲਾਮ ਦੀ ਸ਼ਰਨ ਆ ਲਵੇਗੀ।

ਪ੍ਰੋ: ਪੂਰਨ ਸਿੰਘ ਜੀ ਦੀ ਕਿਤਾਬ ("ਦੀ ਬੁਕ ਆਫ਼ ਦੀ ਟੈਨ ਮਾਸਟਰਜ਼') ਦਾ ਅਨੁਵਾਦ "ਦਸ ਗੁਰੂ ਦਰਸ਼ਨ" ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਛਾਪੀ ਹੈ, ਦੇ ਪੰਨਾ ੧੦੩ ਉਤੇ ਲਿਖਿਆ ਹੈ:— "ਹਿੰਦੂਆਂ ਦੇ ਬਨਾਰਸ ਤੇ ਬਿੰਦਰਾ ਬਨ ਵਰਗੇ ਸ਼ਹਿਰਾਂ ਵਿਚ ਚਿੱਟੇ ਦਿਨ ਮੰਦਰਾਂ ਨੂੰ ਢਾਹ ਦਿਤਾ ਗਿਆ ਤੇ ਉਨ੍ਹਾਂ ਦੀ ਥਾਂ ਮਸੀਤਾਂ ਉਸਾਰ ਦਿਤੀਆਂ ਗਈਆਂ। ਜਿਹੜਾ ਕੋਈ ਔਰੰਗਜ਼ੇਬ ਦੇ ਰਾਜਸੀ ਧਰਮ ਨੂੰ ਅਪਣਾਉਣ ਤੋਂ ਇਨਕਾਰੀ ਹੁੰਦਾ ਸੀ, ਓਸੇ ਸਮੇਂ ਤਲਵਾਰ ਉਸਦਾ ਸਿਰ ਲਾਹ ਦਿੰਦੀ ਸੀ। ਦੁਖਾਂ ਦੀ ਮੱਸਿਆ ਸਾਰੇ ਦੇਸ਼ ਉਤੇ ਛਾ ਚੁੱਕੀ ਸੀ ਅਤੇ ਗੈਰ-ਮੁਸਲਮਾਨਾਂ ਦੇ ਘਰਾਂ ਵਿਚ ਨਿਮੋਝੂਣਤਾ ਦਾ ਪਹਿਰਾ ਸੀ। ਹਿੰਦੂਆਂ ਦੀ ਕੋਈ ਚੀਜ਼ ਵੀ ਪਵਿਤਰ ਨਹੀਂ ਸੀ ਖ਼ਿਆਲ ਕੀਤੀ ਜਾਂਦੀ। ਏਥੋਂ ਤਕ ਕਿ ਮੁਸਲਮਾਨ, ਹਿੰਦੂਆਂ ਦੀਆਂ ਮਾਵਾਂ, ਭੈਣਾਂ, ਪਤਨੀਆਂ ਤੇ ਗਊਆਂ ਨੂੰ ਆਪਣੀ ਜਾਇਜ਼ ਮਲਕੀਅਤ ਸਮਝਦੇ ਸਨ। ਹਿੰਦੂ ਕਾਫ਼ਰਾਂ ਨੂੰ ਮਾਰਨਾ ਸਵਾਬ ਖ਼ਿਆਲ ਕੀਤਾ ਜਾਂਦਾ ਸੀ। ਮੁਹੰਮਦੀ ਸ਼ਰ੍ਹਆ ਦੇ ਕਾਨੂੰਨ ਉਹਨਾਂ ਨੂੰ ਮਾਰ ਮੁਕਾਉਣ ਦੀ ਪ੍ਰਵਾਨਗੀ ਦੇਂਦੇ ਸਨ, ਜਿਹੜੇ ਇਸਲਾਮ ਨੂੰ ਮੰਨਣ ਲਈ ਤਿਆਰ



www.AKJ.Org

ਨਹੀਂ ਸਨ।''

"ਸਾਡਾ ਇਤਿਹਾਸ'' ਲਿਖਤ ਪ੍ਰਿੰ: ਸਤਿਬੀਰ ਸਿੰਘ ਦੇ ਸਫ਼ਾ ੨੪੫ ਉਤੇ ਲਿਖਿਆ ਹੈ:–"ਹਿੰਦੁਸਤਾਨ ਵਿਚ ਮੌਲਵੀਆਂ, ਮੁਫ਼ਤੀਆਂ ਤੇ ਕਾਜ਼ੀਆਂ ਨੂੰ ਹਥ ਵਿਚ ਕਰਨ ਲਈ ਔਰੰਗਜ਼ੇਬ ਨੇ ਲਾਲਚ ਤੇ ਰਿਸ਼ਵਤਾਂ ਦਿਤੀਆਂ।''

ਜਾਦੂ ਨਾਥ ਸਰਕਾਰ ਲਿਖਦੇ ਹਨ:–"ਸੋਨੇ ਤੇ ਚਾਂਦੀ ਦੇ ਢੇਰਾਂ ਹੇਠ ਸਾਰੇ ਮੁਫ਼ਤੀਆਂ ਤੇ ਕਾਜ਼ੀਆਂ ਦੇ ਈਮਾਨ ਦੱਬ ਗਏ'... ਮੌਲਵੀਆਂ ਤੇ ਮੁਫ਼ਤੀਆਂ ਨੂੰ ਕਾਬੂ ਕਰਨ ਉਪਰੰਤ ਔਰੰਗਜ਼ੇਬ ਨੇ ਜਥੇਬੰਦਕ ਤਰੀਕੇ ਨਾਲ ਜਹਾਦ ਵਲ ਧਿਆਨ ਦਿਤਾ। ਉਸਨੇ ਇਸ ਤਨਦੇਹੀ ਨਾਲ ਹਿੰਦੂਆਂ ਤੇ ਗ਼ੈਰ-ਸੁੰਨੀਆਂ ਨੂੰ ਮੁਕਾਉਣਾ ਸ਼ੁਰੂ ਕੀਤਾ ਕਿ ਚਾਰੇ ਪਾਸਿਆਂ ਤੋਂ ਛੇ ਸਾਲ ਪਿਛੋਂ ਦੁਖਾਂ ਦੀ ਵਾਰਤਾ ਦੀ ਆਵਾਜ਼ ਆਉਣ ਲਗੀ।''

"ਹਿਸਟਰੀ ਆਫ਼ ਦੀ ਪੰਜਾਬ'' ਦਾ ਪ੍ਰਸਿਧ ਲਿਖਾਰੀ ਸੱਯਦ ਮੁਹੰਮਦ ਲਤੀਫ਼ ਔਰੰਗਜ਼ੇਬ ਦੀ ਧਾਰਮਕ ਨੀਤੀ ਦੀ ਸਖ਼ਤੀ ਬਾਰੇ ਲਿਖਦਾ ਹੈ:– "ਹਿੰਦੂਆਂ ਦੀਆਂ ਪਾਠਸ਼ਾਲਾਂ ਬੰਦ ਕਰਾ ਦਿਤੀਆਂ। ਦਿਲੀ ਦੇ ਨਜ਼ਦੀਕ ਦੇ ਸਾਰੇ ਤਾਲਾਬ ਖ਼ਤਮ ਕਰ ਦਿਤੇ। ਬਨਾਰਸ ਵਿਚ ਹਿੰਦੂਆਂ ਦਾ ਪ੍ਰਸਿਧ ਤੀਰਥ ਵਿਸ਼ਵਾ ਨਾਥ ਢਾਹ ਦਿਤਾ, ਉਤੇ ਮਸੀਤ ਬਣਾਈ। ਕਹਿੰਦੇ ਹਨ ਕਿ ਉਹ ਪ੍ਰਸਿਧ ਤੀਰਥ ਰਾਜਾ ਨਰ ਸਿੰਘ ਦੇਵ ਨੇ ਤੇਤੀ ਲਖ ਰੁਪਏ ਨਾਲ ਤਿਆਰ ਕਰਵਾਇਆ ਸੀ। ਸਾਰੇ ਕੀਮਤੀ ਤੇ ਸਜਾਏ ਹੋਏ ਬੁੱਤਾਂ ਨੂੰ ਆਗਰੇ ਲੈ ਆਂਦਾ। ਮਥਰਾ ਦਾ ਨਾਂ ਬਦਲ ਕੇ ਇਸਲਾਮਾਬਾਦ ਰਖਿਆ। ਔਰੰਗਜ਼ੇਬ ਨੇ ਫ਼ੈਸਲਾ ਕੀਤਾ ਕਿ ਹਿੰਦੁਸਤਾਨ ਦਾ ਅੱਗੇ ਤੋਂ ਇਕ ਧਰਮ ਹੋਵੇਗਾ। ਸਾਰੇ ਅੱਲਾ ਤੇ ਮੁਹੰਮਦ ਉਤੇ ਵਿਸ਼ਵਾਸ ਲਿਆਉਣ। ਇਸ ਕੰਮ ਦੀ ਪੂਰਤੀ ਲਈ ਉਸ ਨੇ ਨਵਾਬਾਂ ਤੇ ਗਵਰਨਰਾਂ ਨੂੰ ਪੂਰੇ ਅਧਿਕਾਰ ਦਿਤੇ ਕਿ ਉਹ ਬੁੱਤਾਂ ਦੇ ਧਰਮ ਨੂੰ ਤੋੜ ਕੇ ਇਸਲਾਮ ਫੈਲਾਉਣ।''

ਇਹ ਇਕ ਮੁਸਲਮਾਨ ਲਿਖਾਰੀ ਦੀ ਉਸ ਵੇਲੇ ਦੀ ਅਤੇ ਔਰੰਗਜ਼ੇਬ ਦੀ ਨੀਤੀ ਦੀ ਖਿਚੀ ਹੋਈ ਮੂੰਹ ਬੋਲਦੀ ਤਸਵੀਰ ਹੈ।

ਜ਼ਰਾ ਸਰਕਾਰ ਨੂੰ ਸੁਣੋ ਕਿ ਕੀ ਲਿਖਦਾ ਹੈ:– "ਔਰੰਗਜ਼ੇਬ ਨੇ ਇਕ ਪੂਰੀ ਪਲੈਨ ਬਣਾਈ ਹੋਈ ਸੀ ਤੇ ਉਸ ਉਤੇ ਚਲ ਰਿਹਾ ਸੀ। ਬੁੱਤ-ਪੂਜਾਂ ਤੇ ਗ਼ੈਰ-ਮੁਸਲਮਾਨਾਂ ਨੂੰ ਖ਼ਤਮ ਕਰਨਾ ਉਸਦਾ ਮੁਖ ਮੰਤਵ ਸੀ। ਇਸ ਕੰਮ ਲਈ ਉਸ ਨੇ ਵਖਰਾ ਮਹਿਕਮਾ ਬਣਾਇਆ ਹੋਇਆ ਸੀ ਅਤੇ ਕੰਮ ਇਤਨਾ ਵਧ ਗਿਆ ਸੀ ਕਿ ਇਕ ਡਾਇਰੈਕਟਰ ਜਨਰਲ ਵੀ ਉਸ ਥਾਪਿਆ ਹੋਇਆ ਸੀ, ਤਾਂਕਿ ਮੁਸਲਮਾਨ ਬਣਾਉਣ ਦੇ ਕੰਮ ਉੱਤੇ ਪੂਰੀ ਨਿਗਰਾਨੀ ਰਖੀ ਜਾ ਸਕੇ।''

ਕਸ਼ਮੀਰ ਵਿਚ ਕੀ ਵਾਪਰੀ, ਜ਼ਰਾ ਇਕ ਉਘੇ ਕਸ਼ਮੀਰੀ ਵਿਦਵਾਨ ਦੀ ਜ਼ਬਾਨੀ ਸੁਣੋ। ਪੰਡਤ ਪੀ. ਐਨ. ਕੌਲ ਨੇ "ਏ ਹਿਸਟਰੀ ਆਫ਼ ਕਸ਼ਮੀਰ'' ਦੇ ਪੰਨਾ ੫੪੪ ਉਤੇ ਬੜੇ ਵਿਸਥਾਰ ਨਾਲ ਲਿਖਿਆ ਹੈ–"ਔਰੰਗਜ਼ੇਬ ਦਾ ਗਵਰਨਰ (ਸੂਬੇਦਾਰ) ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾਉਣ ਲਈ ਜਬਰ ਕਰਨ ਲੱਗ ਪਿਆ। ਪੰਡਤਾਂ ਵਿਚੋਂ ਕੁਝ ਸਤ ਪੁਰਸ਼ਾਂ ਨੇ ਇਕੱਠ ਕੀਤਾ ਤੇ ਫ਼ੈਸਲਾ ਹੋਇਆ ਕਿ ਕੱਟੜ ਤੇ ਤੁਅੱਸਬ ਦੇ ਜ਼ੁਲਮ ਤੋਂ ਮੁਕਤ ਹੋਣ ਲਈ ਅਮਰਨਾਥ ਦੀ ਗੁਫ਼ਾ ਦੀ ਯਾਤਰਾ ਕਰ ਕੇ ਸ਼ਿਵਾਂ ਤੋਂ ਵਰ ਲਿਆ ਜਾਵੇ।

"ਅਮਰ ਨਾਥ ਦੀ ਗੁਫ਼ਾ ਉਤੇ ਇਕ ਪੰਡਤ ਨੂੰ ਸੁਪਨੇ ਵਿਚ ਸ਼ਿਵਾਂ ਨੇ ਦਰਸ਼ਨ ਦੇ ਕੇ ਆਗਿਆ ਕੀਤੀ ਕਿ ਪੰਜਾਬ ਵਿਚ ਗੁਰੂ ਤੇਗ ਬਹਾਦਰ ਪਾਸ ਜਾ ਕੇ ਹਿੰਦੂ ਧਰਮ ਦੀ ਰਖਿਆ ਲਈ ਜਾਚਨਾ ਕਰੋ। ਉਸ ਪੰਡਤ ਨੇ ਆਪਣੇ ਸਾਥੀਆਂ ਨੂੰ ਇਹ ਗੱਲ ਦਸੀ ਅਤੇ ਉਹ ਸਾਰੇ ਅਨੰਦਪੁਰ ਨੂੰ ਗੁਰੂ ਤੇਗ ਬਹਾਦਰ ਵਲ ਤੁਰ ਪਏ।''

ਸ੍ਰੀ ਨਗਰ ਤੇ ਕਸ਼ਮੀਰ ਦੇ ਬ੍ਰਾਹਮਣ ਇਕੱਠੇ ਹੋ ਕੇ ਅਨੰਦਪੁਰ ਪੁਜੇ। ਉਨ੍ਹਾਂ ਨੇ ਹਿਮਾਲਾ ਦੀ ਗੋਦੀ ਵਿਚ ਸ਼ਾਂਤ ਵਸਦੇ ਸ਼ਹਿਰ ਵਿਖੇ ਗੁਰੂ ਦਰਬਾਰ ਹਾਜ਼ਰ ਹੋ ਕੇ ਮੁਸਲਮਾਨ ਗਵਰਨਰ ਵਲੋਂ ਕੀਤੇ ਜਾ ਰਹੇ ਜ਼ੁਲਮਾਂ ਦੀ ਦਾਸਤਾਨ ਰੋ ਰੋ ਕੇ ਸੁਣਾਈ। ਉਹਨਾਂ ਲਈ ਮੌਤ, ਜਬਰ, ਜ਼ੁਲਮ ਤੇ ਧਰਮ ਤੋਂ ਬਿਨਾਂ ਹੋਰ



www.AKJ.Org

ਕੁਝ ਭੀ ਉਥੇ ਬਾਕੀ ਨਹੀਂ ਸੀ ਰਹਿ ਗਿਆ। ਨਾ ਉਸ ਦੇ ਗੁੱਸੇ ਦੀ ਕੋਈ ਹਦ ਸੀ ਤੇ ਨਾ ਹੀ ਉਸ ਦੇ ਜ਼ੁਲਮ ਦਾ ਕੋਈ ਅੰਤ। ਗੁਰੂ ਜੀ ਨੇ ਉਹਨਾਂ ਦੀ ਦੁਖ ਭਰੀ ਦਾਸਤਾਨ ਸੁਣ ਕੇ ਸਮਝ ਲਿਆ ਕਿ ਆਪਣੀ ਕੁਰਬਾਨੀ ਦੇ ਕੇ ਹੀ ਲੋਕਾਂ ਦੇ ਬੰਦ-ਖਲਾਸ ਕੀਤੇ ਜਾ ਸਕਣਗੇ।

ਕਸ਼ਮੀਰੀ ਪੰਡਤਾਂ ਦੇ ਵਫ਼ਦ ਨੂੰ ਪੰਜਾਬ ਵਿਚ ਦੀ ਲੰਘਦਿਆਂ, ਮਸੰਦਾਂ ਨੇ ਗ਼ਲਤ-ਫਹਿਮੀ ਨਾਲ ਵਰਗਲਾ ਕੇ ਧੀਰਮਲ ਕੋਲ ਵੀ ਲਿਆਂਦਾ। ਇਹ ਕਿਹਾ ਗਿਆ ਕਿ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਧਰਮ-ਗੱਦੀ ਦੇ ਸੱਚੇ ਵਾਰਸ ਧੀਰ ਮਲ ਜੀ ਹਨ। ਏਥੇ ਨਮਸਕਾਰ ਕਰੋ ਅਤੇ ਮੂੰਹ-ਮੰਗੀਆਂ ਮੁਰਾਦਾਂ ਪਾਉ। ਇਹ ਵਿਚਾਰੇ ਮਸੰਦ ਚੜ੍ਹਾਵੇ ਦੀ ਸੋਚ ਰਹੇ ਸਨ। ਏਡਾ ਵਡਾ ਜੱਥਾ ਹੈ, ਕਾਫ਼ੀ ਕੁਝ ਚੜ੍ਹਾਉਣਗੇ, ਅੱਜ ਤਾਂ ਬੱਸ ਲਹਿਰ ਬਹਿਰ ਹੋ ਜਾਵੇਗੀ। ਧੀਰ ਮਲ ਜੀ ਵੀ ਬੜੇ ਪ੍ਰਸੰਨ ਹੋਣਗੇ ਕਿ ਵਾਹ ਬਰਖ਼ੁਰਦਾਰੋ, ਸੁਹਣਾ ਸ਼ਿਕਾਰ ਫਸਾ ਕੇ ਲਿਆਏ ਹੋ! ਪਰ ਜਦ ਜਥੇ ਦੇ ਆਗੂਆਂ ਨੇ ਆਪਣਾ ਮਨੋਰਥ ਦਸਿਆ ਤੇ ਸ਼ਰਨ ਮੰਗੀ, ਤੇ ਨਿਮਾਣੀ ਬਾਂਹ ਅਗਾਂਹ ਕੀਤੀ ਕਿ ਇਸ ਨੂੰ ਫੜੋ ਤੇ ਅਨਾਥਾਂ ਨੂੰ ਬਚਾਓ ਤਾਂ ਧੀਰ ਮੱਲ ਹੁਰਾਂ ਦਾ ਤ੍ਰਾਹ ਨਿਕਲ ਗਿਆ, ਖ਼ਾਨਿਓਂ ਗਈ। ਸਾਮ੍ਹਣੇ ਮੌਤ ਦ-ਭਿਆਨਕ ਰੂਪ ਦਿਸਿਆ। ਹੱਕ ਸਚ ਦੀ ਗੱਦੀ ਦਾ ਬਦੋ ਬਦੀ ਬਣਿਆ ਦਾਅਵੇਦਾਰ ਝੂਠੀ ਅਣਖ, ਸ਼ਰਮ ਤੇ ਮਰਦਊਪੁਣੇ ਦੀਆਂ ਸਾਰੀਆਂ ਹੱਦਾਂ ਟੱਪ ਕੇ ਕਾਇਰਤਾ ਦੀ ਅੰਨ੍ਹੇਰੀ ਖਡ ਵਿਚ ਜਾ ਲੁਕਿਆ।

ਬਾਤਲ ਤੇ ਕੁਫ਼ਰ ਦੇ ਪਰਪੰਚ ਧੂੜ ਦੇ ਬਦਲਾਂ ਵਰਗੇ ਹੁੰਦੇ ਹਨ। ਆਪੇ ਬਣੇ ਗੁਰੂ ਦਾ, ਭਾਵ ਧੀਰਮਲ ਦਾ ਚੁਰਾਹੇ ਵਿਚ ਪਾਜ ਉਘੜ ਗਿਆ।

ਸੱਨਾਟਾ ਟੁਟਿਆ। ਯਰਕਿਆ ਹੋਇਆ ਧੀਰਮਲ ਨਿਮੋਝੂਣਾ ਹੋ ਕੇ ਬੋਲਿਆ, ਕਿ ਪੰਡਤ ਜੀ, ਤੁਸੀਂ ਸਿਧੇ ਅਨੰਦਪੁਰ ਹੀ ਜਾਉ। ਤੁਹਾਡੇ ਰੋਗ ਦੀ ਦੁਆ ਓਥੋਂ ਹੀ ਮਿਲੇਗੀ। ਉਹਨਾਂ ਨੂੰ ਓਧਰ ਤੋਰ ਕੇ ਏਸ ਸੁਨਹਿਰੀ ਮੌਕੇ ਤੋਂ ਫ਼ਾਇਦਾ ਉਠਾਉਣ ਲਈ ਧੀਰ ਮਲ ਦਾ ਇਕ ਮਿਸ਼ਨ ਔਰੰਗਜ਼ੇਬ ਕੋਲ ਦਿੱਲੀ ਅਪੜਿਆ ਤੇ ਖ਼ੂਬ ਖੁਲ੍ਹ ਕੇ ਕੰਨ ਭਰੇ ਕਿ ਤੁਹਾਡੇ ਤਬਲੀਗ਼ ਦੇ ਕੰਮ ਵਿਚ ਐਸ ਵੇਲੇ ਸਾਰੇ ਭਾਰਤ ਵਿਚ ਰੋੜਾ ਅਟਕਾਉਣ ਵਾਲਾ ਸਿਰਫ਼ ਇਕੋ (ਗੁਰੂ) ਤੇਗ ਬਹਾਦਰ ਹੈ। ਨਾਲੇ ਗੁਰੂ ਨਾਨਕ ਦੀ ਗੱਦੀ ਦਾ, ਜਿਸਦਾ ਅਸਲ ਵਾਰਸ ਮੈਂ ਹਾਂ, ਬਦੋ ਬਦੀ ਦਾਅਵਾ ਕਰਦਾ ਹੈ। ਧੀਰਮਲ ਹੁਰਾਂ ਨੂੰ ਸੋਹਣਾ ਮੌਕਾ ਹੱਥ ਲਗਾ। ਇਕ ਵਾਰ ਨਾਲ ਦੋ ਮਨੋਰਥ ਸਿਧ ਕੀਤੇ ਜਾ ਰਹੇ ਸਨ।

ਇਸ ਤੋਂ ਅੱਗੇ ਪ੍ਰੋ: ਸਾਹਿਬ ਸਿੰਘ ਜੀ ਦੀ ਖੋਜ ਭਰਪੂਰ ਲਿਖਤ "ਜੀਵਨ ਬ੍ਰਿਤਾਂਤ ਗੁਰੂ ਤੇਗ ਬਹਾਦਰ ਜੀ" ਸਫ਼ਾ ੫੩ ਵੇਖੋ :—"ਪੰਜ ਸਿਖਾਂ ਸਮੇਤ ਸਤਿਗੁਰੂ ਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਦੇ ਭੇਜੇ ਹੁਕਮ ਅਨੁਸਾਰ ਸਥਾਨਕ ਹਾਕਮਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾਉਣ ਲਈ ਲਾਲਚ ਪੇਸ਼ ਕੀਤੇ। ਮੌਤ ਦੇ ਡਰਾਵੇ ਵੀ ਦਿੱਤੇ। ਇਹ ਵੀ ਆਖਿਆ ਗਿਆ ਕਿ ਤੁਸੀਂ ਹਿੰਦੂਆਂ ਦਾ ਸਾਥ ਛਡ ਦਿਓ, ਪਰ ਨਾ ਕਿਸੇ ਲਾਲਚ ਦਾ ਤੇ ਨਾ ਕਿਸੇ ਡਰਾਵੇ ਦਾ ਸਤਿਗੁਰੂ ਜੀ ਉਤੇ ਅਸਰ ਹੋ ਸਕਿਆ। ਦੁਖੀਆਂ ਦੀ ਬਾਂਹ ਫੜਨੀ ਵੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਅਨੁਸਾਰ ਹੀ ਸੀ। ਇਸ ਦੇ ਛੱਡਣ ਤੋਂ ਵੀ ਗੁਰੂ ਜੀ ਨੇ ਇਨਕਾਰ ਕਰ ਦਿਤਾ।"

ਔਰੰਗਜ਼ੇਬ ਦੇ ਦਰਬਾਰ ਵਿਚ ਜਾ ਕੇ ਕੀ ਕੁਝ ਵਾਪਰਿਆ, ਜ਼ਬਾਨ ਦਸਣੋਂ ਕੰਬਦੀ ਹੈ ਤੇ ਕਲਮ ਲਿਖਣ ਦੀ ਤਾਕਤ ਨਹੀਂ ਰਖਦੀ। ਅਸਹਿ ਅਤੇ ਅਕਹਿ ਅਤਿਆਚਾਰ ਗੁਰੂ ਮਹਾਰਾਜ ਅਤੇ ਉਹਨਾਂ ਦੇ ਸਾਥੀਆਂ ਉਤੇ ਕੀਤੇ ਗਏ। ਭਾਈ ਮਤੀ ਦਾਸ ਜੀ ਆਰੇ ਨਾਲ ਦੁਫਾੜ ਕੀਤੇ ਗਏ। ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲਿਆ ਗਿਆ। ਤੇ ਭਾਈ ਸਤੀ ਦਾਸ ਜੀ ਨੂੰ ਰੂੰ ਤੇ ਕਪੜੇ ਲਪੇਟ ਕੇ ਉਤੇ ਤੇਲ ਚਰਬੀ ਪਾ ਕੇ ਜੀਉਂਦੇ ਨੂੰ ਸਾੜ ਦਿਤਾ ਗਿਆ। ਇਹ ਸਭ ਕੁਝ ਗੁਰੂ ਮਹਾਰਾਜ ਨੂੰ ਭੈ-ਭੀਤ ਕਰਨ ਲਈ ਕੀਤਾ ਗਿਆ। ਸ਼ਾਇਦ ਜ਼ਾਲਮ, ਜੋ ਆਪ



www.AKJ.Org

ਕਾਇਰ ਤੇ ਬੁਜ਼ਦਿਲ ਹੋਣ ਦੇ ਨਾਤੇ ਨਿਤ ਮੌਤ ਤੋਂ ਭੈ-ਭੀਤ ਰਹਿੰਦਾ ਹੈ, ਇਹ ਸਮਝ ਬੈਠਾ ਹੋਵੇ ਕਿ ਮੌਤ ਦੇ ਨਜ਼ਾਰੇ ਵੇਖ ਕੇ ਸਾਹਿਬ ਗੁਰੂ ਤੇਗ ਬਹਾਦਰ ਵੀ ਡਰ ਜਾਣਗੇ, ਜਾਂ ਉਹ ਸਮਝਦਾ ਹੋਵੇ ਕਿ ਇਹ ਵੀ ਕੋਈ ਧੀਰਮਲ ਵਰਗੇ ਹੀ ਹੋਣ।

ਹਜ਼ੂਰ ਨੂੰ ਕਲਮਾ ਪੜ੍ਹਨ ਲਈ ਪੇਸ਼ਕਸ਼ ਕੀਤੀ ਗਈ। ਸਾਥ ਲਾਲਚ ਵੀ ਬੇਓੜਕ ਦਿਤੇ ਗਏ ਤੇ ਇਨਕਾਰ ਦੀ ਸੂਰਤ ਵਿਚ ਅਥਾਹ ਡਰਾਵੇ। ਸੱਚ ਨੂੰ ਸ਼ੈਤਾਨ ਨੇ ਕੀ ਡਰਾ ਲੈਣਾ ਸੀ! ਫਿਰ ਪੇਸ਼ਕਸ਼ ਕੀਤੀ ਕਿ ਜਾਨ ਬਖ਼ਸ਼ ਦਿਤੀ ਜਾਵੇਗੀ ਜੇ ਸਾਹਿਬ ਕੋਈ ਕਰਾਮਾਤ ਹੀ ਵਿਖਾ ਦੇਣ ਤਾਂ। ਸਾਹਿਬਾਂ ਫ਼ੁਰਮਾਇਆ ਕਿ ਰੱਬ ਦੇ ਰਾਹ ਤੁਰਨ ਵਾਲਿਆਂ ਨੂੰ ਮੋਅਜਜ਼ੇ ਤੇ ਕਰਾਮਾਤਾਂ ਵਿਖਾਉਣੀਆਂ ਪੁਜਦੀਆਂ ਨਹੀਂ। ਇਹ ਸਭ ਕਹਿਰ ਹੈ ਤੇ ਅਸੀਂ "ਉਸ" ਦੇ ਭਾਣੇ ਵਿਚ ਰਹਿਣ ਵਾਲੇ ਹਾਂ। ਸ਼ਾਹੀ ਫ਼ੁਰਮਾਨ ਸੀ— "ਜੇ ਇਹ ਦੋ ਪੇਸ਼ਕਸ਼ਾਂ ਮਨਜ਼ੂਰ ਨਹੀਂ ਹਨ ਤਾਂ ਫਿਰ ਕਤਲ ਲਈ ਤਿਆਰ ਹੋ ਜਾਵੋ।" ਸਾਹਿਬ ਮੁਸਕਰਾਏ ਤੇ ਇਸ ਭਾਵ ਵਿਚ ਉਤਰ ਦਿਤਾ, "ਔਰੰਗਜ਼ੇਬ, ਤੂੰ ਜਲਦੀ ਕਰ ਤੇ ਆਪਣੇ ਅਰਮਾਨ ਪੂਰੇ ਕਰ ਲੈ। ਇਸ ਮਾਰਗ ਤੁਰਨਾ ਹੀ ਉਸ ਨੇ ਹੈ ਜਿਸਨੇ ਪਹਿਲਾਂ ਹੀ ਸਿਰ ਤਲੀ ਤੇ ਰਖ ਲਿਆ ਹੋਵੇ।"

"ਤੁਹਾਡੇ ਤੇ ਰਹਿਮ ਕੀਤਾ ਜਾ ਸਕਦਾ ਹੈ ਜੇ ਤੁਸੀਂ ਆਪਣੇ ਆਪ ਨੂੰ ਹਿੰਦੂਆਂ ਦੀ ਸਹਾਇਤਾ ਤੋਂ ਅਲਹਿਦਾ ਕਰ ਲਵੋ ਤੇ ਇਸ ਦਾ ਭਰੇ ਦਰਬਾਰ ਵਿਚ ਐਲਾਨ ਕਰ ਦਿਓ। ਇਹ ਲਾ-ਤੁਅੱਲਕੀ ਐਲਾਨ ਰਾਹੀਂ ਦਸ ਕੇ ਤੁਸੀਂ ਆਪਣੀ ਜਾਨ ਬਚਾ ਸਕਦੇ ਹੋ।"

"ਗੁਰੂ ਨਾਨਕ ਦਾ ਘਰ ਮਾਸੂਮਾਂ, ਮਜ਼ਲੂਮਾਂ, ਨਿਓਟਿਆਂ ਤੇ ਨਿਆਸਰਿਆਂ ਵਾਸਤੇ ਜਾਏ-ਪਨਾਹ ਹੈ। 'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦੁ ਸੁਆਮੀ ਸੰਦਾ' ਗੁਰ-ਹੁਕਮ ਅਨੁਸਾਰ ਗੁਰੂ ਨਾਨਕ ਦਾ ਦਰ ਸ਼ਰਨ ਆਇਆਂ ਦੀ ਲਾਜ ਪਾਲਦਾ ਹੈ। ਇਨ੍ਹਾਂ ਮਜ਼ਲੂਮਾਂ ਦੀ ਬਾਂਹ ਫੜਨੀ ਸਾਡਾ ਧਰਮ ਹੈ। ਜੋ ਤੂੰ ਕਰਨਾ ਚਾਹੁੰਦਾ ਹੈਂ, ਕਰ।"

ਐਡੇ ਵਡੇ ਲੰਮੇ ਚੌੜੇ ਰਾਜ ਦਾ ਮੁਤਅੱਸਬੀ ਬਾਦਸ਼ਾਹ ਔਰੰਗਜ਼ੇਬ ਇਹ ਉਤਰ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਉਹ ਇਸਲਾਮੀ ਹੁਕਮ ਅਨੁਸਾਰ ਹਿੰਦੂ ਕਾਫ਼ਰ ਦਾ ਸਫ਼ਾ-ਹਸਤੀ ਤੋਂ ਖੁਰਾ ਖੋਜ ਮਿਟਾਉਣ ਲਈ ਪੂਰੀ ਤਾਕਤ ਤੇ ਦ੍ਰਿੜ੍ਹਤਾ ਨਾਲ ਤੁਲਿਆ ਹੋਇਆ ਸੀ, ਪਰ ਜੇ ਕੋਈ ਉਸ ਦੇ ਏਸ "ਸ਼ੁਭ ਕਾਰਜ" ਵਿਚ ਵਿਘਨਕਾਰੀ ਹੋਵੇ ਤਾਂ ਇਸ ਦਾ ਨਤੀਜਾ ਮੌਤ ਸੀ। ਸੋ ਸ਼ਹਾਦਤ ਦਾ ਰਸਤਾ ਗੁਰੂ ਪਾਤਸ਼ਾਹ ਨੇ ਹਸਦਿਆਂ ਹਸਦਿਆਂ ਕਬੂਲ ਕੀਤਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਹਾਲਤ ਵਿਚ ਬਾਂਹ ਫੜੀ ਉਹਨਾਂ ਅਨਾਥ, ਬਲਹੀਣ, ਸਾਹਸ-ਹੀਣ, ਅਣਖ-ਹੀਣ ਤੇ ਨਿਮਾਣੇ ਲੋਕਾਂ ਦੀ? ਇਸ ਦਾ ਜ਼ਿਕਰ ਪਿਛੇ ਇਸ਼ਾਰੇ ਮਾਤਰ ਆ ਗਿਆ ਹੈ। ਇਹ ਉਹ ਭਿਆਨਕ ਵੇਲਾ ਸੀ ਜਦ ਸਾਰੀਆਂ ਸ਼ਕਤੀਆਂ ਉਸ ਜਾਬਰ, ਬੇ-ਰਹਿਮ, ਤੁਅਸਬੀ, ਤੰਗ ਦਿਲ ਤੇ ਸੰਗਦਿਲ ਬਾਦਸ਼ਾਹ ਦੇ ਆਪਣੇ ਹਥਾਂ ਵਿਚ ਸਨ। ਹਕੂਮਤ ਦੀ ਸ਼ਕਤੀ, ਫ਼ੌਜੀ ਤਾਕਤ, ਦੌਲਤ ਦੀ ਤਾਕਤ ਤੇ ਮੁਸਲਮਾਨ ਜਨ-ਸੰਖਿਆ ਉਸ ਦੇ ਨਾਲ ਸੀ। ਗੁਨਾਹ ਨੂੰ ਸਵਾਬ ਬਣਾ ਦੇਣ ਵਾਲੇ ਤੇ ਸ਼ਰਅਈ ਫ਼ਤਵੇ ਦੇਣ ਵਾਲੇ ਕਾਜ਼ੀ ਮੁਲਾਣੇ ਉਸ ਦੇ ਇਸ਼ਾ-ਰਿਆਂ ਤੇ ਨਚਦੇ ਸਨ। ਉਸ ਨੂੰ ਨਾ ਬਾਹਰੋਂ ਕਿਸੇ ਦਾ ਡਰ ਸੀ ਤੇ ਨਾ ਅੰਦਰੋਂ ਕਿਸੇ ਦਾ ਭੈ। ਭਾਰਤ ਦੇ "ਗਿਆਨ ਦੇ ਸਾਗਰ" ਫ਼ਲਸਫ਼ੇ ਦੇ ਮਾਹਿਰ, ਪੰਡ ਪੰਡ ਜੜਾਵਾਂ ਚੁਕੀ ਫਿਰਨ ਵਾਲੇ, ਰਿਸ਼ੀ, ਮੁਨੀ, ਗੁਸਾਈਂ, ਸਿੱਧ, ਜੋਗੀ, ਸੰਨਿਆਸੀ, ਸਵਾਮੀ, ਨਾਥ, ਬ੍ਰਹਮਚਾਰੀ, ਰਿਧੀਆਂ ਸਿਧੀਆਂ ਵਾਲੇ, ਮੋਨੀ, ਪੌਣ ਹਾਰੀ, ਫਲਾਹਾਰੀ, ਦੂਧਾਧਾਰੀ, ਨਾਂਗੇ, ਭੂਸਲ ਰੰਗੇ, ਡੰਡੀ ਸਵਾਮੀ, ਪਰਮਹੰਸ, ਕੋਈ ੧੦੮ ਤੇ ਕੋਈ ੧੦੦੮ ਦੀਆਂ ਪਦਵੀਆ ਵਾਲੇ, ਧਰਮ ਦੇ ਨਾਂ ਤੇ ਖ਼ੁਰਾਕਾਂ ਤੇ ਪੁਸ਼ਾਕਾਂ ਹਾਸਲ ਕਰਨ ਵਾਲੇ, ਵੱਡੇ ਵੱਡੇ ਕਥਾਕਾਰ, ਗ਼ੀਬ ਗ੍ਰਿਹਸਤੀਆਂ ਨੂੰ ਰੰਗ ਬਰੰਗੇ ਮੂੰਹ ਬਣਾ ਕੇ, ਛਜ ਛਜ ਸਵਾਹ ਮਲਣ ਵਾਲੇ, ਜਲਧਾਰੇ ਕਰਨ ਵਾਲੇ, ਇਹ ਦੋਹੀਂ ਦੋਹੀਂ ਹਥੀਂ ਲੁਟਣ ਵਾਲੇ, ਇਹ ਮੁਕਤੀ ਦੇ ਦਾਤੇ, ਇਹ ਧਰਮ ਦੇ ਠੇਕੇਦਾਰ ਤੇ ਧਰਮ ਦੇ ਰਾਖੇ, ਧਰਮ ਨੂੰ ਸੁੰਞਾਂ ਤੇ ਰੋਂਦੇ



www.AKJ.Org

ਕੁਰਲਾਂਦੇ ਨੂੰ ਛਡ ਕੇ ਔਰੰਗਜ਼ੇਬ ਦੀ ਤਲਵਾਰ ਦੀ ਮਾਰ ਤੋਂ ਡਰਦੇ ਫੁਹੜੀ ਚਿਮਟੇ ਤਰਸੂਲ ਤੂੰਬੀਆਂ ਚਿਪੀਆਂ ਚੁੱਕ ਕੇ, ਧੂੰਏਂ ਬੁਝਾ ਕੇ ਤਿੰਨਾਂ ਤਿੰਨਾਂ ਮਣਾਂ ਦੀਆਂ ਗੋਗੜਾਂ, ਜਿਹੜੀਆਂ ਹਿਲਣ ਨਹੀਂ ਸਨ ਦਿੰਦੀਆਂ, ਚੁੱਕ ਕੇ ਭਜਣ ਲੱਗੇ ਹਿਰਨਾਂ ਨੂੰ ਵੀ ਮਾਤ ਪਾ ਗਏ, ਸਿਧੀਆਂ ਪਹਾੜੀਆਂ ਤੇ ਖੱਡਾਂ ਟਪ ਗਏ ਤੇ ਹਿਮਾਲਾ ਦੀ ਗੋਦ ਵਿਚ ਗੁਫਾਵਾਂ ਐਸੀਆਂ ਜਾ ਮਲੀਆਂ ਕਿ ਪਿਛਾਂਹ ਭੌਂ ਕੇ ਵੀ ਨਹੀਂ ਵੇਖਿਆ ਕਿ ਪਿਛੇ ਗਰੀਬ ਜਨਤਾ ਨਾਲ ਕੀ ਵਾਪਰੀ।

ਕੁਝ ਕੁ ਆਪਣੀਆਂ ਜਜਮਾਨੀਆਂ ਤੇ ਪ੍ਰੋਹਤੀਆਂ ਪਕੀਆਂ ਕਰਨ ਦਿਆਂ ਵਲਾਵਿਆਂ ਵਿਚ ਰੁਝੇ ਰਹੇ। ਭੀਖ ਨੂੰ ਦਾਨ ਦੇ ਨਾਂ ਤੇ ਪਾਪੀ ਪੇਟ ਭਰਨ ਵਾਲੇ ਤੇ ਜਜਮਾਨਾਂ ਦਾ ਓੜਮਾ ਕੋੜਮਾ ਬੈਤਰਨੀ ਤੋਂ ਪਾਰ ਕਰਾਉਂਦਿਆਂ ਨੂੰ ਚੇਤਾ ਈ ਨਾ ਆਇਆ ਕਿ ਜੀਊਂਦਿਆਂ ਜਜਮਾਨਾਂ ਨਾਲ ਕੀ ਬਣ ਰਹੀ ਹੈ। ਅਣਖ ਨੂੰ ਛਿਕੇ ਟੰਗ ਦਿਤਾ ਤੇ ਸਰਕਾਰੀ ਦਸਤਰ-ਖ਼ਾਨ ਚੋਂ ਚੰਦ ਜੂਠੀਆਂ ਬੁਰਕੀਆਂ ਦੀ ਖ਼ਾਤਰ ਧਰਮ ਨੂੰ ਵੀ ਪਿਠ ਦੇਣੋਂ ਰਤੀ ਨਾ ਸੰਗੇ। ਭਿਖਾਰੀ ਦਾ ਧਰਮ ਸ਼ਾਇਦ ਉਸਦੇ ਕਚਕੋਲ (ਚਿੱਪੀ) ਤਕ ਹੀ ਸੀਮਤ ਹੁੰਦਾ ਹੈ? ਏਥੇ ਹੀ ਬਸ ਨਹੀਂ, ਸਰਕਾਰੇ ਦਰਬਾਰੇ ਦੀਵਾਨੀਆਂ ਹਾਸਲ ਕਰ ਕੇ ਲਗੇ ਆਪਣੇ ਭਰਾਵਾਂ ਤੇ ਜਜਮਾਨਾਂ ਦਾ ਘੋਰੜੂ ਵਜਾਉਣ। ਮਿਰਜ਼ਿਆਂ, ਬੇਗਾਂ, ਖ਼ਾਨਾਂ ਤੇ ਉਚੇ ਉਚੇ ਸਰਕਾਰੀ ਕਰਮਚਾਰੀਆਂਨੂੰ ਆਪਣੇ ਜਜਮਾਨਾਂ ਦੇ ਘਰਾਂ ਤੋਂਸੁਹਣੇ ਸੁਹਣੇ ਰਿਸ਼ਤੇ ਟੋਲ ਟੋਲ ਕੇ ਦੇਣ ਲਗੇ। ਬ੍ਰਾਹਮਣ ਸਯੱਦ (ਕੁਰੈਸ਼ੀ) ਬਣ ਗਏ। ਖਸ਼ਤਰੀ ਤੇ ਰਾਜਪੂਤ ਮੁਗਲ ਪਠਾਣ ਬਣਨ ਵਿਚ ਹੀ ਭਲਾਈ ਸਮਝਦੇ ਸਨ। ਕਿਉਂ? ਜਾਨ ਬੜੀ ਹੀ ਪਿਆਰੀ ਹੁੰਦੀ ਹੈ। ਧਰਮ ਦਾ ਕੀ ਹੈ? ਅਫ਼ਸੋਸ! ਰਾਜਪੂਤੀ ਅਣਖ ਤੇ ਤਲਵਾਰ ਖੁੰਢੀ ਪੈਗਈ। ਰਾਜਪੂਤ, ਜੋ ਭਾਰਤ ਦੀ ਆਸ ਉਮੀਦ ਸਨ, ਏਸ ਹਮਲੇ ਅੱਗੇ ਡਟ ਕੇ ਅੜ ਨਾ ਸਕੇ। ਰਾਜਪੂਤ ਸ਼ਾਹੀ ਘਰਾਣੇ ਦੇ ਮੁਗਲਾਂ ਨੂੰ ਰਿਸ਼ਤੇ ਨਾਤੇ ਦੇ ਕੇ ਸਿਰਫ਼ ਜਾਨਾਂ ਹੀ ਨਹੀਂ ਸਨ ਬਚਾ ਰਹੇ, ਸਗੋਂ ਸਰਕਾਰੇ ਦਰਬਾਰੇ ਆਦਰ ਮਾਣ ਵੀ ਹਾਸਲ ਕਰ ਰਹੇ ਸਨ। ਪਹਾੜੀ ਰਾਜਿਆਂ ਤੇ ਪਰਜਾ ਦਾ ਕੀ ਲਿਖਣਾ! ਇਹ ਮੁਗ਼ਲਾਂ ਦੀ ਐਸ਼ੋ ਇਸ਼ਰਤ ਦੇ ਜ਼ਰੀਏ ਬਣ ਗਏ। ਲਖਾਂ ਸੀਤਾ ਤੇ ਸਾਵਿਤ੍ਰੀਆਂ ਮੁਗਲ ਪਠਾਣਾਂ ਜਰਵਾਣਿਆਂ ਦੀ ਹਵਸ ਦੀ ਭੇਟ ਚੜ੍ਹੀਆਂ। ਇਹ ਜ਼ੁਲਮ ਜਬਰ ਦਾ ਤੂਫਾਨ ਏਨੀ ਤੇਜ਼ੀ ਨਾਲ ਚਲ ਰਿਹਾ ਸੀ ਕਿ ਨਰਮ ਹੋਣਾ ਤਾਂ ਇਕ ਪਾਸੇ, ਇਹ ਹਰ ਪਲ ਤੇਜ਼ ਤੋਂ ਬਹੁਤ ਤੇਜ਼ ਹੁੰਦਾ ਜਾ ਰਿਹਾ ਸੀ। ਇਹ ਸੀ ਜਨਤਾ ਦੀ ਨਿਘਰਦੀ ਹਾਲਤ। ਜ਼ੁਲਮ ਦੀ ਅਜਿਹੀ ਕਾਲੀ ਬੋਲੀ ਰਾਤ ਅੰਦਰ ਸਿਵਾਏ ਗੁਰੂ ਤੇਗ ਬਹਾਦਰ ਤੋਂ ਕੌਣ ਇਹਨਾਂ ਮਜ਼ਲੂਮਾਂ ਦੀ ਬਾਂਹ ਫੜਨ ਦਾ ਹੀਆ ਕਰ ਸਕਦਾ ਸੀ? ਇਸ ਫੜੀ ਬਾਂਹ ਦਾ ਚਿਤਰ ਚਾਂਦ ਭਟ ਇਉਂ ਚਿਤਰਦਾ ਹੈ—

ਬਾਂਹਿ ਜਿਨ੍ਹਾਂ ਦੀ ਪਕੜੀਏ,<br>
ਸਿਰ ਦੀਜੈ ਬਾਂਹਿ ਨਾ ਛੋੜੀਏ।<br>
ਗੁਰੂ ਤੇਗ ਬਹਾਦਰ ਬੋਲਿਆ,<br>
ਧਰ ਪਈਏ ਧਰਮ ਨਾ ਛੋੜੀਏ।

ਸ: ਹਰਦੀਪ ਸਿੰਘ ਐਮ. ਏ., ਪੀ. ਈ. ਐਸ. ਦੀ ਲਿਖਤ ਗੁਰੂ ਤੇਗ ਬਹਾਦਰ ਜੋ ਭਾਸ਼ਾ ਵਿਭਾਗ ਪੰਜਾਬ ਵਲੋਂ ਪ੍ਰਕਾਸ਼ਤ ਹੋਈ ਹੈ, ਦੇ ਸਫ਼ਾ ੪੯ ਉਤੇ ਲਿਖਿਆ ਹੈ:—

"ਇਸ ਗੱਲ ਦਾ ਹਰ ਇਕ ਨੂੰ ਪਤਾ ਹੈ ਕਿ ਕਸ਼ਮੀਰ ਦੇ ੫੦੦ ਪੰਡਤਾਂ ਨੇ ਪੰਡਤ ਕਿਰਪਾ ਰਾਮ ਮਟਨ ਨਿਵਾਸੀ ਦੀ ਅਗਵਾਈ ਅਧੀਨ, ਜੋ ਧਰਮ ਰਖਿਆ ਲਈ ਬੇਨਤੀ ਕੀਤੀ ਸੀ, ਉਹ ਗੁਰੂ ਮਹਾਰਾਜ ਨੇ ਪ੍ਰਵਾਨ ਕੀਤੀ ਸੀ ਅਤੇ ਸ਼ਹੀਦੀ ਸਾਕਾ ਧਰਮ ਦੀ ਰਖਿਆ ਹਿਤ ਕੀਤਾ ਸੀ।

"ਆਖ਼ਰ ੧੧ ਨਵੰਬਰ ੧੬੭੫ ਨੂੰ ਸਤਿਗੁਰੂ ਜੀ ਨੂੰ ਤਲਵਾਰ ਨਾਲ ਸ਼ਹੀਦ ਕਰ ਦਿਤਾ ਗਿਆ।"

ਸਾਰੇ ਸੰਸਾਰ ਦੇ ਇਤਿਹਾਸ ਵਿਚ ਇਹ ਇਕ ਅਦੁੱਤੀ ਕੁਰਬਾਨੀ ਹੈ। ਆਪਣੇ ਰਾਜ ਦੀ ਖ਼ਾਤਰ, ਆਪਣੇ ਘਰ ਕੁਟੰਬ ਲਈ, ਆਪਣੀ ਔਲਾਦ ਲਈ, ਆਪਣੇ ਧਰਮ ਲਈ ਕੁਰਬਾਨੀਆਂ ਕਰਨ ਵਾਲਿਆਂ ਦੀਆਂ ਬਹੁਤ ਮਿਸਾਲਾਂ ਮਿਲਦੀਆਂ ਹਨ, ਪਰ ਹੈ ਕੋਈ ਐਸੀ ਮਿਸਾਲ, ਜਦ ਕਿਸੇ ਨੇ ਕਿਸੇ ਦੇ ਓਸ ਧਰਮ ਦੀ ਖ਼ਾਤਰ ਕੀਤੀ ਹੋਵੇ, ਜਿਸ ਧਰਮ ਦਾ ਉਹ



www.AKJ.Org

ਧਾਰਨੀ ਵੀ ਨਾ ਹੋਵੇ ? ਗੁਰੂ ਸਾਹਿਬ ਨ ਤਿਲਕ ਜੰਞੂ ਧਾਰਨ ਕਰਨ ਦੇ ਹੱਕ ਵਿਚ ਕਦੇ ਵੀ ਨਹੀਂ ਸਨ, ਫਿਰ ਵੀ ਹਿੰਦੂ ਧਰਮ ਦੇ ਇਹਨਾਂ ਪਰਗਟ ਚਿੰਨ੍ਹਾਂ ਲਈ, ਅੱਗੇ ਵਧੇ ਤੇ ਮਨੁਖਤਾ ਉਤੇ ਹੋ ਰਹੇ ਜਬਰ ਨੂੰ ਖ਼ਤਮ ਕਰਨ ਲਈ ਟੱਕਰ ਲਈ।

ਜੇ ਅਜੇ ਵੀ ਇਸ ਕੁਰਬਾਨੀ ਦੇ ਸਬੱਬ ਬਾਰੇ ਉਪਰ ਦਿੱਤੇ ਗਏ ਫ਼ੌਲਾਦ ਵਰਗੇ ਠੋਸ ਤੇ ਅਕੱਟ ਇਤਿਹਾਸਕ ਸਬੂਤਾਂ ਤੋਂ ਇਲਾਵਾ ਕਿਸੇ ਹੋਰ ਵੱਡੇ ਸਬੂਤ ਦੀ ਲੋੜ ਹੋਵੇ ਤਾਂ ਵੇਖੋ "ਬਚਿਤਰ ਨਾਟਕ" ਵਿਚ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕਿਡਾ ਸਪੱਸ਼ਟ ਫ਼ੁਰਮਾਉਂਦੇ ਹਨ :—

ਤਿਲਕ ਜੰਞੂ ਰਾਖਾ ਪ੍ਰਭ ਤਾਕਾ,
ਕੀਨੋ ਬਡੋ ਕਲੂ ਮੇਂ ਸਾਕਾ।
ਸਾਧਨ ਹੇਤਿ ਇਤਿ ਜਨ ਕਰੀ,
ਸੀਸ ਦੀਆ ਪਰ ਸੀ ਨਾ ਉਚਰੀ।
ਧਰਮ ਹੇਤ ਸਾਕਾ ਜਿਨ ਦੀਆ,
ਸੀਸ ਦੀਆ ਪਨ ਸਿਰਰ ਨਾ ਦੀਆ।
ਠੀਕਰ ਫੋਰ ਦਲੀਸ ਸਿਰ,
ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕ੍ਰਿਆ,
ਕਰੀ ਨਾ ਕਿਨਹੂੰ ਆਨ।

ਪਰ ਅਫਸੋਸ ਤੇ ਹੈਰਾਨੀ ਇਸ ਗੱਲ ਤੇ ਹੈ ਕਿ ਕੁਝ ਨਵੇਂ ਇਤਿਹਾਸ-ਖੋਜੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਉਪ੍ਰੋਕਤ ਸਪੱਸ਼ਟ ਤੇ ਸੂਰਜ ਵਤ ਰੌਸ਼ਨ ਕਥਨ ਦੇ ਬਾਵਜੂਦ ਵੀ, ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦਾ ਕਾਰਨ ਨਹੀਂ ਸਮਝ ਸਕੇ। ਉਹ ਆਪਣੀ ਖੋਜ ਦਾ ਆਧਾਰ ਇਕ ਨਿਰੋਲ ਪਖਪਾਤ ਵਿਚ ਆ ਕੇ ਲਿਖੀ ਮੁਤਅੱਸਬੀ ਲਿਖਤ "ਸੀਅਰ ਉਲ-ਮੁਤਾਖ਼ਰੀਨ" (ਪਹਿਲਾਂ ਵੀ ਜ਼ਿਕਰ ਆ ਚੁਕਿਆ ਹੈ) ਨੂੰ ਬਣਾ ਕੇ ਕੁਝ ਹੋਰ ਹੀ ਹਾਸੋਹੀਣੀ ਦਾਸਤਾਨ ਘੜਦੇ ਹਨ। ਉਹ ਲਿਖਦਾ ਹੈ ਕਿ ਗੁਰੂ ਤੇਗ ਬਹਾਦਰ ਨੂੰ ਬਗ਼ਾਵਤ ਦੀ ਸਜ਼ਾ ਵਜੋਂ ਕਤਲ (ਸ਼ਹੀਦ) ਕੀਤਾ ਗਿਆ ਹੈ। ਹਾਂ ਸਾਹਿਬ! ਤੁਹਾਡਾ ਇਹ ਕਥਨ ਬੜਾ ਕੀਮਤੀ ਹੈ ਜੇ ਸੁਣਨ, ਪੜ੍ਹਨ ਵਾਲੇ ਅੰਨ੍ਹੇ, ਬੋਲੇ ਤੇ ਗੂੰਗੇ ਹੋਣ। ਪਿਆਰੇ, 'ਨਵੀਨ' ਬਹੁਤੇ ਤੇ 'ਖੋਜੀ' ਥੋੜੇ ਸਾਹਿਬ ਜੀ, ਜੇ ਇਸ ਨੂੰ ਤੁਹਾਡੇ ਸ਼ਬਦਾਂ ਵਿਚ ਇਕ ਪਲ ਲਈ ਸਚ ਹੀ ਮੰਨ ਲਈਏ (ਉਂਜ ਭਾਵੇਂ ਤੁਹਾਡਾ ਇਹ ਜਾਣਕਾਰੀ ਦਾ ਅਨਮੋਲ ਸੋਮਾ ਸਫ਼ੈਦ ਝੂਠ ਤੇ ਕੁਫ਼ਰ ਦਾ ਪਹਾੜ ਹੈ) ਤੇ ਇਸ ਨੂੰ ਬਗ਼ਾਵਤ ਹੀ ਕਹਿ ਲਈਏ ਤਾਂ ਸਵਾਲ ਉਠਦਾ ਹੈ ਕਿ ਬਗ਼ਾਵਤ ਕਿਉਂ ਕੀਤੀ? ਜਵਾਬ ਫਿਰ ਇਹੋ ਹੀ ਬਣੇਗਾ ਕਿ ਬਗ਼ਾਵਤ ਇਸ ਲਈ ਕੀਤੀ ਕਿ ਹਿੰਦੂ ਵੀ ਸਿਰਜਣਹਾਰ ਦੀ ਸ੍ਰਿਸ਼ਟੀ ਤੇ ਚੈਨ ਨਾਲ ਜੀਊ ਸਕਣ। ਉਹ ਵੀ ਓਸੇ ਈਸ਼ਵਰ ਜਾਂ ਅੱਲਾ ਦਾ ਨੂਰ ਹਨ, ਜਿਸ ਤੋਂ ਬਾਕੀ ਖ਼ਲਕਤ ਪੈਦਾ ਹੋਈ ਹੈ। ਜੇ ਫਿਰ ਵੀ ਇਹ ਬਗ਼ਾਵਤ ਹੈ ਤਾਂ ਫਿਰ ਆਪ ਜੀ ਦਾ ਮਹਾਨ ਕਲਮ ਔਰੰਗਜ਼ੇਬ ਦੇ ਅਤਿਆਚਾਰਾਂ ਨੂੰ ਕੀ ਨਾਂ ਦੇਵੇਗਾ? ਤੁਹਾਡੀ ਨਿਗਾਹ ਵਿਚ ਔਰੰਗਜ਼ੇਬ ਬਿਕਰਮਾਜੀਤ ਨਾਲੋਂ ਵੀ ਵਧ ਧਰਮੀ ਤੇ ਇਨਸਾਫ ਵਾਲਾ ਪਰਜਾ ਦਾ ਰਾਖਾ, ਅਤੇ ਉਹਦਾ ਖ਼ੂਨ ਖ਼ਰਾਬਾ ਤੇ ਵੱਢ ਟੁਕ ਪਰਮਾਰਥੀ ਕਾਰਨਾਮੇ ਹੀ ਹੋਣਗੇ। ਔਰੰਗਜ਼ੇਬ ਤੁਹਾਡਾ ਖ਼ੁਦਾ ਤੇ ਤੁਸੀਂ ਉਸਦੇ ਖ਼ਲੀਫ਼ੇ ਹੋ। ਲੈ ਡੁਬੇਗੀ ਤੁਹਾਡੀ ਇਹ ਖੋਜ ਤੁਹਾਨੂੰ। ਤੁਹਾਡੇ ਬਾਪ ਨੂੰ ਇਕ ਦਿਨ ਇਕ ਕਸਾਈ ਜਾਂ ਬੁਚੜ ਨੇ ਗਾਲ੍ਹ ਦਿਤੀ। ਤੁਸੀਂ ਬੜੇ ਫ਼ਖ਼ਰ ਨਾਲ ਆਪਣੇ ਬਾਪ ਨੂੰ ਨਿੱਤ ਗਾਲ੍ਹੀ ਦਿਆ ਕਰੋ, ਕਿਉਂਕਿ ਤੁਸੀਂ ਸਪੂਤ ਫਿਰ ਕਿਵੇਂ ਬਣੋਗੇ? ਨਾਲੇ ਤੁਹਾਡੇ ਕੋਲ ਬੜਾ ਵਧਾਆ ਸਬੂਤ ਹੈ ਕਿ ਜੋ ਗਾਲ੍ਹ ਬੁਚੜ ਨੇ ਦਿਤੀ ਸੀ ਉਸ ਵਿਚ ਜ਼ਰੂਰ ਵਜ਼ਨ ਹੋਣਾ ਏਂ। "ਸੀਅਰ ਉਲ-ਮੁਤਾਖ਼ਰੀਨ" ਦਾ ਕਰਤਾ ਕਬਰ ਵਿਚ ਉਛਲ ਰਿਹਾ ਹੋਣਾ ਏਂ। ਆਪਣੀ ਔਲਾਦ ਤੇ ਨਸਲ ਤੇ ਹਰ ਇਕ ਨੂੰ ਮਾਣ ਜੁ ਹੁੰਦਾ ਏ! ਤੁਸੀਂ ਬੜੇ ਵੱਡੇ "ਸਪੂਤ" ਹੋ।

ਸਿਖ ਇਤਿਹਾਸ ਨੂੰ ਘਚੋਲਣ ਦੀ ਬਜਾਏ, ਜੋ ਕਿ ਅੱਗੇ ਹੀ ਤੁਹਾਡੇ ਵਰਗੇ ਸੂਰਬੀਰਾਂ ਦੇ ਹਥੋਂ ਪਨਾਹ ਮੰਗ ਰਿਹਾ ਹੈ ਤੇ ਦਰੜਿਆ ਫਰੜਿਆ ਪਿਆ ਹੈ, ਜੇ ਤੁਸੀਂ ਖੋਜ ਕਰ ਕੇ ਆਪਣੀ ਕੁਫ਼ਰ-ਪੁਸਤਕ ਦੇ ਕਰਤੇ ਗ਼ੁਲਾਮ ਹੁਸੈਨ ਨਾਲ ਆਪਣੀ ਸਾਕ-ਸਕੀਰੀ ਤੇ ਸ਼ਜਰਾ ਨਸਬ ਦੀਆਂ ਘੁੰਡੀਆਂ ਮੇਲਣ ਦਾ ਜਤਨ ਕਰਦੇ ਤਾਂ ਤੁਹਾਡੀ ਘਾਲ ਥਾਂ ਸਿਰ ਪੈਂਦੀ, ਬਹੁਤੀ



www.AKJ.Org

ਭਲ ਮਿਲਦੀ। ਕਿਉਂਕਿ ਫਰਜ਼ੰਦੇ ਅਰਜਮੰਦ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਵੱਡ-ਵਡੇਰਿਆਂ ਬਾਰੇ ਜਾਣਕਾਰੀ ਹਾਸਲ ਕਰੇ ਤੇ ਸੰਸਾਰ ਨੂੰ ਜਾਣੂੰ ਕਰਾਏ ਕਿ ਫਲਾਣਾ ਖ਼ਮੀਰ ਕਿਥੋਂ ਦਾ ਹੈ। ਤੁਸੀਂ ਗੁਰੂ ਸਾਹਿਬਾਨ ਦਾ ਇਤਿਹਾਸ ਖ਼ਾਲਸਾ ਜੀ ਗੋਚਰਾ ਹੀ ਰਹਿਣ ਦਿਉ। ਇਤਿਹਾਸ ਦੀ ਬਜਾਏ ਤੁਸੀਂ ਆਪਣੇ ਬਜ਼ੁਰਗ ਦੀ ਕਬਰ ਤੇ ਗਾਹੇ ਗਾਹੇ ਜਾ ਕੇ ਫ਼ਾਤਿਹਾ ਪੜ੍ਹ ਆਇਆ ਕਰੋ, ਤੁਹਾਡੇ ਵਰਗੇ ਸਪੂਤ ਲਈ ਏਨਾ ਹੀ ਕਾਫ਼ੀ ਹੈ। ਜੇ ਓਥੇ ਮਜੋਰ ਬਣ ਜਾਵੋ ਤਾਂ ਸੋਨੇ ਤੇ ਸੁਹਾਗਾ ਹੋ ਜਾਵੇਗਾ।

"ਨਵੀਨ ਖੋਜੀ" ਸਾਹਿਬ, ਜ਼ਰਾ ਹੇਠ ਲਿਖੇ ਸਵਾਲਾਂ ਦਾ ਜਵਾਬ ਦੇਣ ਦੀ ਖੇਚਲ ਕਰੋ ਖਾਂ :-

(੧) ਜੇ ਇਹ ਇਸਲਾਮੀ ਹਕੂਮਤ ਵਿਰੁਧ ਬਗ਼ਾਵਤ ਸੀ ਤਾਂ ਸ਼ਹੀਦੀ ਦੇਣ ਲਈ ਜਾਂਦਿਆਂ ਰਾਹ ਵਿਚ ਸੈਫ਼ਾਬਾਦ ਦੇ ਨਵਾਬ ਸੈਫ਼ੋਦੀਨ ਨੇ ਗੁਰੂ ਸਾਹਿਬ ਨੂੰ ਕੋਲ ਰਖ ਕੇ ਕਾਫ਼ੀ ਦੇਰ ਤਕ ਸ਼ਰਧਾਲੂਆਂ ਵਾਂਗ ਸੇਵਾ ਕਿਉਂ ਕੀਤੀ?

(੨) ਕੀ ਇਹ ਇਤਿਹਾਸਕ ਸਚਾਈ ਨਹੀਂ ਕਿ ਸ਼ਾਇਸਤਾ ਖ਼ਾਂ, ਜੋ ਬੰਗਾਲ ਦਾ ਹਾਕਮ ਸੀ ਤੇ ਔਰੰਗਜ਼ੇਬ ਦਾ ਨੇੜੇ ਦਾ ਸਬੰਧੀ ਸੀ ਤੇ ਬੰਗਾਲ ਦਾ ਗਵਰਨਰ ਵੀ ਸੀ, ਗੁਰੂ ਸਾਹਿਬ ਦਾ ਅਥਾਹ ਸ਼ਰਧਾਲੂ ਸੀ? ਇਕ ਬਾਗੀ ਨਾਲ ਏਡਿਆਂ ਵਡਿਆਂ ਅਫ਼ਸਰਾਂ ਦਾ ਏਨਾ ਪ੍ਰੇਮ ਕਿਉਂ? ਅਫਸਰ ਵੀ ਉਹ, ਜਿਹੜਾ ਔਰੰਗਜ਼ੇਬ ਦਾ ਨਜ਼ਦੀਕੀ ਰਿਸ਼ਤੇਦਾਰ ਹੋਵੇ।

(੩) ਸਮਾਣੇ ਦਾ ਮੁਹੰਮਦ ਬਖ਼ਸ਼ ਆਪ ਨੂੰ ਅਗਲ-ਵਾਂਢੀ ਆਣ ਕੇ ਕਿਉਂ ਮਿਲਿਆ? ਤੇ ਆਪ ਨੂੰ ਕਿਉਂ ਮਸ਼ਵਰਾ ਦਿਤਾ ਕਿ ਦਿੱਲੀ ਨਾ ਜਾਵੋ, ਵਾਪਸ ਮੁੜ ਜਾਵੋ, ਬਾਦਸ਼ਾਹ ਦੀ ਨੀਤ ਠੀਕ ਨਹੀਂ ਹੈ।

(੪) ਬਗ਼ਾਵਤ ਕਰਨ ਤੋਂ ਬਾਅਦ ਕਦੀ ਬਾਗੀ ਕਤਲ ਹੋਣ ਲਈ ਹਾਕਮਾਂ ਕੋਲ ਆਪ ਚਲ ਕੇ ਨਹੀਂ ਆਉਂਦੇ। ਪਰ ਗੁਰੂ ਸਾਹਿਬ ਆਪ ਚਲਕੇ ਆਏ। ਆਪਣੀ ਖੋਜ-ਪੁਸਤਕ ਚੋਂ ਪੜ੍ਹ ਕੇ ਦਸੋ ਖਾ ਕਿ ਇਸ ਬਗ਼ਾਵਤ ਵਿਚ ਕਿਸੇ ਮੁਸਲਮਾਨ ਕਰਮਚਾਰੀ ਦਾ ਖ਼ੂਨ ਡੁਲ੍ਹਿਆ ਹੋਵੇ? ਕੋਈ ਮਸੀਤ ਜਾਂ ਮਕਬਰਾ ਢਾਹਿਆ ਗਿਆ ਹੋਵੇ? ਕੋਈ ਸ਼ਹਿਰ ਜਾਂ ਪਿੰਡ ਕਸਬਾ ਲੁਟਿਆ ਗਿਆ ਹੋਵੇ? ਕੋਈ ਸਰਕਾਰੀ ਦਫ਼ਤਰ ਜਾਂ ਸਰਕਾਰੀ ਜਾਇਦਾਦ ਸਾੜੀ ਗਈ ਹੋਵੇ? ਕਿਸੇ ਕਾਫ਼ਲੇ ਨੂੰ ਲੁਟਿਆ ਹੋਵੇ? ਕੋਈ ਕਤਲਾਮ ਹੋਈ ਹੋਵੇ? ਕਿਸੇ ਕਿਲ੍ਹੇ ਨੂੰ ਘੇਰਾ ਪਾਇਆ ਗਿਆ ਹੋਵੇ? ਜਾਂ ਕਿਸੇ ਤੇ ਕਬਜ਼ਾ ਕੀਤਾ ਗਿਆ ਹੋਵੇ? ਕੋਈ ਸਰਕਾਰੀ ਖ਼ਜ਼ਾਨਾ ਮੱਲੋ ਜ਼ੋਰੀ ਖੋਹ ਲਿਆ ਹੋਵੇ? ਕੋਈ ਜੇਲ੍ਹ ਤੋੜੀ ਹੋਵੇ ਤੇ ਕੈਦੀ ਛੁਡਾਏ ਹੋਣ? ਕਿਸੇ ਸ਼ਾਹੀ ਮੈਗਜ਼ੀਨ ਚੋਂ ਹਥਿਆਰ ਜਾਂ ਗੋਲੀ ਸਿੱਕਾ ਕਾਬੂ ਕੀਤਾ ਹੋਵੇ? ਇਹੋ ਜਿਹੀਆਂ ਘਟਨਾਵਾਂ ਬਗ਼ਾਵਤਾ ਵਿਚ ਆਮ ਹੁੰਦੀਆਂ ਹਨ। ਤੁਸੀਂ ਆਪਣੀ ਖੋਜ ਨਾਲ ਕੋਈ ਇਕ ਵੀ ਐਸੀ ਮਿਸਾਲ ਪੇਸ਼ ਕਰੋ। **ਕੀ ਹਿੰਦੂ ਲਈ ਜੀਊਣ ਦਾ ਹੱਕ ਤੇ ਧਰਮ ਦੀ ਆਜ਼ਾਦੀ ਦਾ ਨਾਅਰਾ ਬਲੰਦ ਕਰਨਾ ਬਗ਼ਾਵਤ ਹੈ**? ਕੀ ਤੁਸੀਂ ਆਪ ਬਗਾਵਤ ਦਾ ਮਫ਼ਹੂਮ (ਭਾਵ) ਸਮਝਦੇ ਹੋ?

(੫) ਕੀ ਤੁਸੀਂ ਜਾਣਦੇ ਹੋ ਕਿ ਸਤਿਗੁਰੂ ਦੀ ਸ਼ਹਾਦਤ ਤੋਂ ਪੰਡਤਾਂ ਦੇ ਡੈਪੂਟੇਸ਼ਨ ਦਾ ਆਗੂ ਇੰਨਾ ਪ੍ਰਭਾਵਤ ਹੋਇਆ ਕਿ ਮੁੜ ਵਾਪਸ ਅਨੰਦਪੁਰ ਸਾਹਿਬ ਚਲਿਆ ਗਿਆ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਅੰਮ੍ਰਿਤ ਛਕ ਕੇ ਕਿਰਪਾ ਰਾਮ ਤੋਂ ਕਿਰਪਾ ਸਿੰਘ ਬਣਿਆ ਅਤੇ ਚਮਕੌਰ ਦੇ ਧਰਮ ਯੁਧ ਵਿਚ ਸ਼ਹੀਦ ਹੋਇਆ?

(੬) ਕੀ ਤੁਹਾਨੂੰ ਇਹ ਵੀ ਪਤਾ ਹੈ ਕਿ ਦਿਲੀ ਦਾ ਕੋਤਵਾਲ ਖ਼ਵਾਜਾ ਅਬਦੁੱਲਾ, ਜਿਸ ਨੇ ਗੁਰੂ ਸਾਹਿਬ ਨੂੰ ਕੈਦ ਵਿਚ ਰਖਿਆ ਸੀ ਤੇ ਚਾਂਦਨੀ ਚੌਕ ਵਾਲੇ ਸਾਕੇ ਨੂੰ ਅਖੀਂ ਵੇਖਿਆ ਸੀ, ਨੇ ਇਸ ਪਿਛੋਂ ਸਰਕਾਰ ਨੂੰ ਫ਼ੌਰਨ ਅਸਤੀਫ਼ਾ ਪੇਸ਼ ਕਰ ਦਿਤਾ ਤੇ ਨੌਕਰੀ ਛਡ ਕੇ ਕਲਗੀਧਰ ਪਿਤਾ ਦੀ ਸ਼ਰਨ ਵਿਚ ਅਨੰਦਪੁਰ ਸਾਹਿਬ ਚਲਿਆ ਗਿਆ? ਉਸ ਨੇ ਬਾਕੀ ਉਮਰ ਅਨੰਦਪੁਰ ਸਾਹਿਬ ਗੁਜ਼ਾਰੀ ਸੀ। ਖ਼ਵਾਜਾ ਅਬਦੁਲਾ ਦਸਮੇਸ਼ ਪਿਤਾ ਦੇ ਅਨੰਦਪੁਰ ਸਾਹਿਬ ਛਡਣ ਤੋਂ ਪਿਛੋਂ ਖਰੜ ਆ ਗਿਆ ਸੀ ਤੇ ਏਥੇ ਉਸਦਾ ਖ਼ਾਨਦਾਨ ਕਾਫ਼ੀ ਦੇਰ ਤਕ ਵਸਦਾ ਰਿਹਾ ਸੀ।

( ) ਕੀ ਤੁਸੀਂ ਇਤਿਹਾਸ ਦੀ ਇਸ ਮਹਾਨ

[ਬਾਕੀ ਦੇਖੋ ਸਫਾ ੨੮ ਦੇ ਹੇਠ]



www.AKJ.Org

# ਧੜੇਬੰਦੀਆਂ ਦੀ ਲਾਹਨਤ ਤੇ ਗੁਰਦੁਆਰਾ ਪਰਬੰਧ

ਅਜ ਸਾਰਾ ਸੰਸਾਰ ਧੜੇਬੰਦੀਆਂ ਵਿਚ ਫਸਿਆ ਪਿਆ ਹੈ। ਧਰਮ ਨਾਲੋਂ ਧੜੇ ਪਿਆਰੇ ਹਨ। ਵਡੇ ਵਡੇ ਮੁਲਕਾਂ ਨੇ ਆਪਣੇ ਹਿਤਾਂ ਅਨੁਸਾਰ ਧੜੇ ਬਣਾਏ ਹੋਏ ਹਨ ਅਤੇ ਧੜੇਬੰਦੀ ਦੇ ਅਧੀਨ ਇਕ ਦੂਜੇ ਨਾਲ ਖਹਿ ਖਹਿ ਮਰ ਰਹੇ ਹਨ। ਇਹ ਧੜੇਬੰਦੀ ਧਰਮ-ਅਸਥਾਨਾਂ ਵਿਚ ਵੀ ਜ਼ੋਰਾਂ 'ਚ ਹੈ। ਪਾਰਟੀਬਾਜ਼ੀ ਦੇ ਅਧੀਨ ਧਰਮ ਦੀ ਥਾਂ ਅਧਰਮ ਵਰਤ ਰਿਹਾ ਹੈ। ਦੇਸ ਪਰਦੇਸ ਵਿਚ ਛੋਟੇ ਵਡੇ ਸਭ ਗੁਰ-ਅਸਥਾਨਾਂ ਵਿਚ ਇਹ ਪਾਰਟੀਬਾਜ਼ੀ ਕਿਸੇ ਨਾ ਕਿਸੇ ਰੂਪ ਵਿਚ ਛਾਈ ਹੋਈ ਹੈ। ਕੋਈ ਵਿਰਲਾ ਹੀ ਗੁਰ-ਅਸਥਾਨ ਇਸ ਜਿਲ੍ਹਣ ਤੋਂ ਬਚਿਆ ਹੋਵੇਗਾ।

ਹੁਣੇ ਹੁਣੇ ਇੰਗਲੈਂਡ ਦੀਆਂ ਖ਼ਬਰਾਂ ਸੁਣੀਆਂ ਹਨ ਕਿ ਉਥੋਂ ਦੇ ਗੁਰਦੁਆਰਾ ਸਾਊਥਹਾਲ ਵਿਚ ਪਾਰਟੀ-ਬਾਜ਼ੀ ਦੇ ਅਧੀਨ ਦੰਗਾ ਫ਼ਸਾਦ ਚਲ ਰਿਹਾ ਹੈ। ਇਹ ਬੜੀ ਅਫ਼ਸੋਸਨਾਕ ਅਤੇ ਸਿਖ ਕੌਮ ਲਈ ਸ਼ਰਮਨਾਕ ਗੱਲ ਹੈ। ਪਰਦੇਸਾਂ ਵਿਚ ਸਿਖ ਕੌਮ ਦਾ ਨਾਂ ਰੌਸ਼ਨ ਕਰਨ ਦੀ ਬਜਾਇ ਬਦਨਾਮ ਕਰਨ ਵਾਲੀ ਘਟਨਾ ਹੈ।

ਗੁਰਦੁਆਰਿਆਂ ਦੇ ਪਰਬੰਧਕ ਨਿਰਮਾਣ ਸੇਵਕ, ਮਿਠਬੋਲੜੇ ਅਤੇ ਹਰਮਨ-ਪਿਆਰੇ ਹੋਣੇ ਚਾਹੀਦੇ ਹਨ, ਜਿਹੜੇ ਕਿ ਆਪਣੇ ਜੀਵਨ ਦੀ ਨਜ਼ੀਰ ਨਾਲ ਹੋਰਨਾਂ ਨੂੰ ਗੁਰਸਿਖੀ ਵਲ ਪ੍ਰੇਰ ਸਕਣ। ਇਹ ਤਾਂ ਹੀ ਹੋ ਸਕਦਾ ਹੈ ਕਿ ਉਹ ਗੁਰ-ਹੁਕਮਾਂ ਨੂੰ ਵਧ ਤੋਂ ਵਧ ਕਮਾਉਣ ਵਾਲੇ ਹੋਣ। ਗੁਰਦੁਆਰਿਆਂ ਦੇ ਪਰਬੰਧਕ ਤੇ ਸੇਵਾਦਾਰ ਤਿਆਰ-ਬਰ-ਤਿਆਰ ਅੰਮ੍ਰਿਤਧਾਰੀ ਸਿੰਘ ਹੋਣ, ਪੰਜ ਕਕਾਰ ਦੀ ਰਹਿਤ ਦੇ ਧਾਰਨੀ ਹੋਣ, ਅੰਮ੍ਰਿਤ ਵੇਲੇ ਜਾਗਣ ਦੇ ਨਿਯਮੀ ਹੋਣ, ਨਾਮ ਜਪਣ ਤੇ ਪੰਜ ਬਾਣੀਆਂ ਦੇ ਨਿਤਨੇਮੀ ਹੋਣ। ਫਿਰ ਨਿਤ ਸਾਧ ਸੰਗਤ ਵਿਚ ਜੁੜ ਕੇ, ਨਿਰਮਾਣ ਹੋ ਕੇ ਯਥਾ ਯੋਗ ਸੇਵਾ ਕਰਨ। ਗੁਰਦੁਆਰਾ ਕਮੇਟੀਆਂ ਦੇ ਪਰਬੰਧਕ ਆਪਣੇ ਆਪ ਨੂੰ ਸੰਗਤ ਦੇ ਅਮਲੀ ਤੌਰ ਤੇ ਸੇਵਾਦਾਰ ਸਮਝਣ ਅਤੇ ਸੰਗਤ ਵਿਚ ਜੁੜੇ ਹਰੇਕ ਮਾਈ ਭਾਈ ਦਾ ਆਦਰ ਸਤਿਕਾਰ ਕਰਨ। ਕਿਸੇ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ।

ਗੁਰਦੁਆਰਾ ਕਮੇਟੀਆਂ ਦੀ ਚੋਣ ਬਾਰੇ ਵੋਟਾਂ ਵਾਲਾ ਚੋਣ-ਢੰਗ, ਮੂਲ ਮੁਢ ਤੋਂ ਹੀ ਸਾਰੇ ਪੁਆੜਿਆਂ ਦੀ ਜੜ ਹੈ। ਵੋਟਾਂ ਬਣਾਉਣ ਤੇ ਵੋਟਾਂ ਪਾਉਣ ਸਮੇਂ ਹੀ ਲੜਾਈ ਦਾ ਅਰੰਭ ਹੋ ਜਾਂਦਾ ਹੈ। ਗੁਰੂ-ਘਰ ਦੀ ਸੇਵਾ ਲਈ ਇਹ ਢੰਗ ਬਿਲਕੁਲ ਅਯੋਗ ਹੈ। ਗੁਰੂ-ਘਰ ਵਿਚ ਆਦਿ ਅਰੰਭ ਤੋਂ ਹੀ ਗੁਣ-ਅਧਾਰਤ ਚੋਣ-ਢੰਗ (Selection System) ਚਲਿਆ ਆਉਂਦਾ ਰਿਹਾ ਹੈ। ਇਸ ਢੰਗ ਦੇ ਅਧੀਨ ਗੁਰਸਿਖ-ਸੰਗਤ ਗੁਰੂ ਕੀ ਹਜ਼ੂਰੀ ਵਿਚ ਤਿਆਰ-ਬਰ-ਤਿਆਰ ਰਹਿਤਵਾਨ ਤੇ ਅਮਲੀ ਸਿੱਖੀ ਜੀਵਨ ਵਾਲੇ ਪੰਜ ਸਿੰਘਾਂ ਨੂੰ ਨਿਯੁਕਤ ਕਰਦੀ ਹੈ। ਉਹ ਪੰਜ ਸਿੰਘ ਪੂਰਨ ਗੁਰਮਤਿ ਭੈ-ਭਾਵਨੀ ਵਿਚ ਰਹਿ ਕੇ ਗੁਰਦੁਆਰਾ ਪਰਬੰਧ ਲਈ ਲੋੜ ਅਨੁਸਾਰ ਪਰਬੰਧਕ ਤੇ ਸੇਵਾਦਾਰ ਨੀਯਤ ਕਰਦੇ ਹਨ।

ਬਗ਼ੈਰ ਅੰਮ੍ਰਿਤ ਛਕੇ ਕੋਈ ਵੀ ਵਿਅਕਤੀ ਆਪਣੇ ਆਪ ਨੂੰ ਗੁਰੂ ਕਾ ਸਿਖ ਨਹੀਂ ਅਖਵਾ ਸਕਦਾ। ਅੰਮ੍ਰਿਤ ਛਕਣ ਪਿਛੋਂ ਚਾਰ ਬਜਰ ਕੁਰਹਿਤਾਂ ਵਿਚੋਂ ਕੋਈ ਇਕ ਵੀ ਕਰਨ ਵਾਲਾ ਪਤਿਤ ਹੈ, ਉਹ 'ਸਿਖ' ਕਦਾਚਿਤ ਨਹੀਂ ਅਖਵਾ ਸਕਦਾ। ਪਤਿਤ ਨੂੰ ਦੁਬਾਰਾ ਅੰਮ੍ਰਿਤ ਛਕ ਕੇ ਸੁਰਜੀਤ ਹੋਣ ਦੀ ਲੋੜ ਹੈ। ਅੰਮ੍ਰਿਤ ਛਕ ਕੇ ਪੰਜ ਕਕਾਰ ਦੀ ਰਹਿਤ ਰਖਣੀ ਹਰੇਕ ਲਈ ਲਾਜ਼ਮੀ ਹੈ। ਜਿਸ ਨੇ ਗੁਰ-ਹੁਕਮਾਂ ਅਨੁਸਾਰ ਗੁਰ-ਸਿਖੀ ਦੇ ਬਾਹਰੀ ਚਿੰਨ੍ਹ ਧਾਰਨ ਨਹੀਂ ਕੀਤੇ, ਉਸ ਦੇ ਅੰਦਰ ਸਿਖੀ ਹੋਣ ਦਾ ਕੀ ਸਬੂਤ ਹੈ? ਉਹ ਆਪਣੇ ਆਪ ਨੂੰ ਚਾਹੇ ਲਖ ਵਾਰੀ ਸਿਖ ਆਖੀ ਜਾਏ, ਗੁਰੂ-ਘਰ ਵਿਚ ਉਸ ਦੀ ਸਿੱਖੀ ਪਰਵਾਨ ਨਹੀਂ ਹੈ।

ਸੋ ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਵਿਚਰ ਕੇ ਹੀ ਸਹੀ ਅਰਥਾਂ ਵਿਚ ਗੁਰਦੁਆਰਿਆਂ ਦਾ ਵਾਤਾਵਰਨ ਸ਼ਾਂਤ ਰਹਿ ਸਕਦਾ ਹੈ। ਗੁਰਦੁਆਰੇ ਗੁਰਸਿਖੀ ਦੇ ਸੋਮੇ ਹਨ। ਇਨ੍ਹਾਂ ਅਸਥਾਨਾਂ ਵਿਚ ਸਿਆਸਤ, ਖ਼ੁਦਗਰਜ਼ੀਆਂ, ਚੌਧਰਾਂ ਜਾਂ ਪਾਟੋ ਧਾੜ ਸਿੱਖੀ ਲਈ ਹਾਨੀਕਾਰਕ ਹਨ।

*



www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ

[ਵਲੋਂ—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

**੩. ਬਾਲ ਚੋਜ—**

ਜਿਕੂੰ ਬੱਚੇ ਮਾਵਾਂ ਦੀਆਂ ਗੋਦੀਆਂ ਵਿਚ ਪਲਦੇ ਹਨ, ਆਪ ਬੀ ਆਪਣੀ ਪਿਆਰੀ ਮਾਤਾ ਦੀ ਗੋਦੀ ਵਿਚ ਖੇਲ ਖੇਲ ਕੇ ਪਲੇ। ਮਾਂ ਬੜੇ ਲਾਡਾ ਨਾਲ ਪਾਲਦੀ ਸੀ। ਦਾਦੀ, ਜਿਨ੍ਹਾਂ ਦਾ ਨਾਉਂ ਮਾਤਾ ਨਾਨਕੀ ਜੀ ਸੀ, ਬੀ ਬਹੁਤ ਲਾਡ ਕਰਦੀ ਸੀ। ਮਾਮਾ ਕ੍ਰਿਪਾਲ ਚੰਦ ਜੀ ਪਿਆਰ ਬੀ ਕਰਦੇ ਸਨ, ਲਾਡ ਵੀ ਲਡਾਉਂਦੇ ਸਨ, ਤੇ ਹਰ ਤਰ੍ਹਾਂ ਦੀ ਰਾਖੀ ਬੀ ਕਰਦੇ ਸਨ।

ਬਾਲਕ ਗੁਰੂ ਜੀ ਦਾ ਨਾਮ 'ਗੋਬਿੰਦ ਸਿੰਘ' ਰਖਿਆ ਗਿਆ। ਮਾਤਾ ਤੇ ਦਾਦੀ ਲਾਡ ਨਾਲ 'ਗੋਬਿੰਦ ਗੋਬਿੰਦ' ਕਰਕੇ ਵਾਜਾਂ ਮਾਰਦੀਆਂ ਸਨ।

ਬਾਲਕ ਗੁਰੂ ਬਹੁਤ ਸੁਹਣੇ ਸਨ, ਬੜੇ ਹਸ-ਮੁਖ ਸਨ, ਹਰ ਵੇਲੇ ਹਸੂੰ ਹਸੂੰ ਕਰਦੇ ਲਗਦੇ ਸਨ। ਹੋਰਨਾਂ ਬਾਲਾਂ ਵਾਂਙੂ ਰੋਣਾ ਤਾਂ ਜਾਣਦੇ ਹੀ ਨਹੀਂ ਸਨ। ਦਿਨੋਂ ਦਿਨ ਵਡੇ ਹੋ ਰਹੇ ਸਨ। ਪਹਿਲੋਂ ਖਿਡੌਣਿਆਂ ਨਾਲ ਖੇਡਣ ਲਗੇ, ਫੇਰ ਵਡੇ ਹੋਏ ਤਾਂ ਰਿੜਦੇ ਰਿੜਦੇ ਖੜੋਣ ਲਗ ਪਏ। ਰਿੜਦੇ ਬੀ ਬੈਠੇ ਬੈਠੇ ਸਨ, ਕਮਰ ਝੁਕਾ ਕੇ ਕਦੇ ਨਾ ਸੇ ਰਿੜੇ। ਖੜੋਂਦੇ ਖੜੋਂਦੇ ਫੇਰ ਤੁਰਨ ਲਗ ਪਏ। ਇਸ ਤਰ੍ਹਾਂ ਦਿਨੋਂ ਦਿਨ ਵਡੇ ਹੁੰਦੇ ਗਏ। ਮਾਂ ਬੜੇ ਲਾਡ ਨਾਲ ਸੁਹਣੇ ਸੁਹਣੇ ਕਪੜੇ ਪੁਆਉਂਦੀ ਸੀ। ਜਦੋਂ ਜ਼ਰਾ ਜ਼ਰਾ ਹੋਰ ਸਿਆਣੇ ਹੋਏ ਤੇ ਤੁਰਨ ਫਿਰਨ ਲਗ ਪਏ ਤਾਂ ਮਾਤਾ ਜੀ ਆਪ ਦੇ ਸੀਸ ਤੇ ਪੱਗ ਬੰਨ੍ਹ ਦਿਆ ਕਰਦੇ ਸਨ। ਸ਼ਹਿਰ ਦੇ ਸਿਖ ਸੇਵਕ ਬੜੇ ਬੜੇ ਧਨੀ ਲੋਕ ਬੀ ਸਨ। ਧਨੀਆਂ ਦੀਆਂ ਇਸਤ੍ਰੀਆਂ ਖਿਡੌਣੇ, ਕਪੜੇ, ਗਹਿਣੇ ਲਿਆ ਲਿਆ ਭੇਟ ਕਰਦੀਆਂ ਸਨ। ਇਕ ਦਿਨ ਕਿਸੇ ਬੀਬੀ ਨੇ ਸੁਹਣੀ ਨਿੱਕੀ ਜਿਹੀ ਵਡਮੁਲੇ ਖੰਭਾਂ ਦੀ ਕਲਗੀ, ਜੋ ਜੜਾਊ ਜਿਗਾ ਉਤੇ ਲਾਈ ਹੋਈ ਸੀ, ਲਿਆ ਭੇਟ ਕੀਤੀ। ਮਾਤਾ ਜੀ ਨੇ ਉਹ ਕਲਗੀ ਕਦੇ ਕਦੇ ਪਗ ਵਿਚ ਸਜਾ ਦੇਣੀ। ਤਦੇ ਲੋਕੀ 'ਕਲਗੀਆਂ ਵਾਲਾ' ਕਹਿਣ ਲੱਗ ਪਏ।

ਹੁਣ ਵਰੇਸ ਬਾਲਾਂ ਨਾਲ ਖੇਡਣ ਦੀ ਆ ਗਈ, ਕਦੇ ਆਪਣੇ ਵਿਹੜੇ ਵਿਚ, ਕਦੇ ਗਲੀ ਵਿਚ, ਕਦੇ ਬਜ਼ਾਰਾਂ ਵਿਚ ਖੇਡਦੇ ਤੇ ਕਦੇ ਗੰਗਾ ਕਿਨਾਰੇ ਜਾ ਨਿਕਲਦੇ। ਪਤਾ ਨਹੀਂ ਲਗਾ ਕਦੋਂ ਤੇ ਕਿਵ ਤਰਨਾ ਸਿਖ ਗਏ। ਮਾਮਾ ਜੀ ਰਾਖੀ ਰੱਖਦੇ, ਨਾਲ ਬੀ ਜਾਂਦੇ, ਬੇੜੀਆਂ ਵਿਚ ਆਪ ਲੈ ਚੜ੍ਹਦੇ, ਪਰ ਬਾਲ ਗੁਰੂ ਜੀ ਆਪਣੇ ਆਪ ਬੀ ਅਚਰਜ ਖੇਡਾਂ ਰਚਾਉਂਦੇ। ਬੱਚਿਆਂ ਨੂੰ ਫ਼ੌਜਾਂ ਵਾਂਙੂ ਖੜਿਆਂ ਕਰ ਕੇ ਆਪਣੇ ਹੁਕਮ ਦੇਂਦੇ, ਅੱਗੇ ਪਿੱਛੇ ਤੋਰਦੇ, ਖੜਾ ਕਰਦੇ, ਭਜਾਉਂਦੇ ਤੇ ਰੋਕਦੇ। ਸਭ ਬੱਚੇ ਮਗਰ ਮਗਰ ਹੁਕਮ ਮੰਨਦੇ ਟੁਰਦੇ।

ਆਪਣੇ ਸਾਥੀ ਬਾਲਾਂ ਨੂੰ ਬਾਲਕ ਸ੍ਰੀ ਗੋਬਿੰਦ ਸਿੰਘ ਜੀ ਕਈ ਵੇਰ ਘਰ ਲੈ ਆਉਂਦੇ, ਪੰਗਤ ਲੁਆ ਕੇ ਰੋਟੀ ਖੁਲਾਂਦੇ। ਜਦ ਬੇੜੀ ਦੀ ਸੈਰ ਨੂੰ ਜਾਂਦੇ, ਯਾ ਬਾਗਾਂ ਦੀ ਸੈਰ ਨੂੰ ਜਾਂਦੇ ਤਾਂ ਬੀ ਬਾਲਾਂ ਦੀ ਆਪਣੀ ਸੈਨਾ ਕਈ ਵੇਰ ਨਾਲ ਲੈ ਜਾਂਦੇ।

ਕਦੇ ਕਦੇ ਨਦੀ ਕਿਨਾਰੇ ਘਾਟ ਤੇ ਜਾ ਕੇ ਬੱਚੇ ਨਦੀ ਵਿਚ ਵੜ ਕੇ ਖ਼ੂਬ ਪਾਣੀ ਉਛਾਲਦੇ ਤੇ ਅਨੇਕ ਖੇਡਾਂ ਕਰਦੇ। ਕਦੇ ਅੱਗੇ ਅੱਗੇ ਆਪ ਟੁਰਦੇ, ਮਗਰ ਬੱਚੇ ਕਦਮ ਬੰਨ੍ਹ ਕੇ ਟੁਰਦੇ। ਕਦੇ ਖੇਲਦੇ ਖੇਲਦੇ ਇਕ ਦੂਜੇ ਤੇ ਖੇਲਾਂ ਵਿਚ ਹੀ ਹੱਲੇ ਕਰ ਕੇ ਗੁੱਥਮ-ਗੁੱਥੇ ਹੋ ਜਾਂਦੇ। ਬਜ਼ਾਰ ਵਿਚ ਕੋਈ ਬਾਹਰੋਂ ਆਇਆ ਪੁੱਛਦਾ ਕਿ ਬੱਚੇ ਅਨੋਖੀਆਂ ਖੇਲਾਂ ਖੇਲਦੇ ਹਨ, ਕੌਣ ਹੈ ਇਨ੍ਹਾਂ ਦਾ ਮੀਰੀ ਸ਼ਰਦਾਰ ? ਤਾਂ ਕਿਸੇ ਦੱਸਣਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸਾਹਿਬਜ਼ਾਦਾ 'ਗੋਬਿੰਦ ਗੋਬਿੰਦ' ਹੈ। ਜੇ ਉਸ ਪੁਛਣਾ ਉਹ ਗੋਬਿੰਦ ਕਿਹੜਾ ਹੈ ? ਤਾਂ ਕਿਸੇ ਦੱਸਣਾ ਤੂੰ ਸਿਆਣ ਕਰ ਲੈ ਸਾਰੇ ਮੁੰਡਿਆਂ ਦੀ, ਜਿਸ ਦੀ ਪੱਗ ਵਿਚ ਕਲਗੀ ਹੋਇਗੀ ਉਹ ਹੈ 'ਗੋਬਿੰਦ', ਸਾਰਿਆਂ ਨੂੰ ਮਗਰ ਪਿਛੇ ਲਾ ਕੇ ਤੋਰਨ ਵਾਲਾ ਤੇ ਨਵੀਆਂ ਖੇਲਾਂ ਦੱਸਣ ਵਾਲਾ। ਪੂਰੇ ਗੁਰੂ ਦਾ ਬਾਲਕਾ ਜੁ ਹੋਇਆ, ਇਹ ਬੜੇ ਤੇਜ ਵਾਲਾ ਹੈ। ਇਹ ਧੁਰੋਂ ਰੱਬ ਜੀ ਪਾਸੋਂ ਆਇਆ ਹੈ।



www.AKJ.Org

ਇਹ ਗੱਲ ਬੀ ਲੋਕਾਂ ਵਿਚ ਹੋ ਗਈ ਕਿ ਇਹ ਬਾਲਕਾ ਕਿਸੇ ਵੇਲੇ ਡਾਢੀ ਖੁਸ਼ੀ ਕਿ ਗੁੱਸੇ ਵਿਚ ਜੋ ਕੁਛ ਆਖ ਦੇਂਦਾ ਹੈ ਤਾਂ ਉਹੋ ਕੁਛ ਹੋ ਕੇ ਰਹਿੰਦਾ ਹੈ। ਇਸ ਕਰਕੇ ਨਾਲ ਦੇ ਖੇਲਣ ਵਾਲੇ ਬਾਲਕ ਤੇ ਗੁਰਸਿਖ ਤੇ ਬੀਬੀਆਂ ਭੈ ਵੀ ਮੰਨਣ ਲਗ ਪਏ ਸਨ, ਪਰ ਬੜੇ ਅਚਰਜ ਦੀ ਗੱਲ ਹੈ ਕਿ ਇਕ ਦਿਨ ਕੁਛ ਬੀਬੀਆਂ ਨੇ ਬੜੇ ਪਿਆਰ ਦੇ ਦੇ ਕੇ ਇਹ ਵਾਹ ਲਾਈ ਕਿ ਗੁਰੂ ਬਾਲਕੇ ਦੇ ਮੂੰਹੋਂ ਇਹ ਅਸੀਸ ਨਿਕਲ ਜਾਵੇ ਕਿ ਇਸ ਬੀਬੀ ਦੇ ਘਰ ਬੱਚੇ ਜੰਮ ਪੈਣ।

ਕਿਸ ਬੀਬੀ ਦੇ ?

ਕੋਈ ਆਪਣੇ ਵਿਚੋਂ ਬੀਬੀ ਲੈ ਆਈਆਂ ਸਨ ਜਿਸ ਨੂੰ ਪੁੱਤਰ ਖਿਡਾਉਣ ਦੀ ਬੜੀ ਰੀਸ ਆਉਂਦੀ ਸੀ। ਜਦ ਸਾਰੀਆਂ ਬੀਬੀਆਂ ਨੇ ਫੁਲਾਹੁਣੀਆਂ ਦੇ ਦੇ ਕੇ ਫੁਲਾਇਆ ਕਿ ਹੇ ਗੁਰੂ ਕੇ ਨੰਦਨ ਜੀ! ਇਸ ਬੀਬੀ ਨੂੰ ਕਹਿ ਦਿਓ: ਜਾਹ ਤੇਰੀ ਗੋਦੀ ਬੇਟਾ ਖੇਲੇਗਾ। ਤਦ ਝਟ ਹਾਸੇ ਖੇਡੇ ਦਾ ਚਿਹਰਾ ਵੱਟ ਗਿਆ। ਸਿਆਣੇ, ਕਿਸੇ ਵਡੇ ਗਿਆਨੀ ਵਾਂਗ ਗੱਲਾਂ ਕਰਨ ਲੱਗ ਪਏ, ਆਖਣ ਲੱਗੇ: ਏਹਦੇ ਕਰਮ ਜਾਣਨ, ਕਰਮ ਹੋਏ ਤਾਂ ਬੇਟਾ ਹੋ ਜਾਸੀ, ਮੈਂ ਕਿਉਂ ਆਖਾਂ ਪੁੱਤਰ ਜੰਮੇ। ਸਾਰੇ ਹਰਿਆਨ ਹੋ ਗਏ ਕਿ ਬਾਲਕੇ ਦੀ ਉਮਰਾ ਦੇਖੋ ਤੇ ਕਿਸੇ ਦੀ ਫੁਲਾਹੁਣੀ ਵਿਚ ਨਹੀਂ ਆਇਆ ਤੇ ਕੈਸੀ ਗੱਲ ਪੱਕੀ ਦਨਾਈ ਦੀ ਕਰ ਦਿੱਤੀ ਸੂ।

ਏਸੇ ਤਰ੍ਹਾਂ ਇਕ ਦਿਨ ਮਾਤਾ ਜੀ ਨੂੰ ਬੇਨਤੀ ਕੀਤੀ ਗਈ ਕਿ ਸਾਹਿਬਜ਼ਾਦੇ ਦੇ ਮੂੰਹੋਂ ਇਸ ਬੀਬੀ ਨੂੰ, ਜਿਸ ਨੂੰ ਨਾਲ ਲਿਆਈਆਂ ਹਾਂ, ਅਸੀਸ ਲੈ ਦਿਓ ਕਿ ਇਹ ਪੁੱਤਰ ਖਿਡਾਵੇ। ਜਦ ਆਪ ਜੀ ਖੇਡਦੇ ਖੇਡਦੇ ਆਏ ਤਾਂ ਮਾਤਾ ਜੀ ਨੇ ਪਿਆਰ ਦੇ ਕੇ ਕਿਹਾ: ਬੇਟਾ! ਏਹ ਤੇਰੇ ਪਿਤਾ ਗੁਰੂ ਜੀ ਦੇ ਸਿਖ ਹਨ, ਅਸੀਸ ਦੇਹੁ, ਕਹੁ ਜਾਹ ਤੇਰੀ ਗੋਦੀ ਪੁੱਤਰ ਖੇਲੇਗਾ। ਤਾਂ ਉਸੇ ਬਾਲਕ ਲੀਲ੍ਹਾ ਦੇ ਰੰਗ ਵਿਚ ਤਾੜੀ ਮਾਰ ਕੇ ਹੱਸੇ: ਅੰਮਾ! ਪੁੱਤਰ ਐਵੇਂ ਦੇ ਦੇਈਏ ਹਨ। ਇਨ੍ਹਾਂ ਕੋਲ ਕਈ ਕਿਸ਼ਤੀਆਂ ਹੈਨ, ਇਕ ਜੋ ਸਭ ਤੋਂ ਸੁਹਣੀ ਹੈ, ਮੈਨੂੰ ਦੇ ਦੇਣ, ਫੇਰ ਇਕ ਕੀਹ, ਪੰਜ ਲੈ ਲੈਣ। ਓਸ ਸੁਆਣੀ ਨੇ ਮੱਥਾ ਟੇਕਿਆ, ਖੁਸ਼ ਹੋ ਗਈ, ਕਿ ਮੈਨੂੰ ਅਸੀਸ ਮਿਲ ਗਈ ਹੈ। ਉਸ ਦੀਆਂ ਸਾਥਣਾਂ ਨੇ ਕਿਹਾ ਕਿ ਸਾਹਿਬਜ਼ਾਦੇ ਜੀ! ਉਹ ਕਿਸ਼ਤੀ ਹੁਣ ਤੋਂ ਆਪ ਦੀ ਹੋ ਗਈ, ਅਸਾਂ ਭੇਟਾ ਕਰ ਦਿੱਤੀ ਹੈ। ਨਿੱਕੀ ਜਿਹੀ ਛੜੀ ਹੱਥ ਵਿਚ ਸੀ, ਉਸ ਬੀਬੀ ਦੇ ਸਿਰ ਤੇ ਪੰਜ ਨਿਕੀਆਂ ਠੁਹਕਰਾਂ ਦੇ ਕੇ ਬੋਲੇ: ਇਕ ਨਹੀਂ ਪੰਜ ਹੋਣਗੇ। ਘਰ ਜਾ ਕੇ ਉਸ ਬੀਬੀ ਨੇ ਆਪਣੇ ਪਤੀ ਨੂੰ ਕਿਹਾ। ਓਹ ਬੜਾ ਸ਼ਾਹ ਸੀ ਤੇ ਬੇੜੀਆਂ ਦਾ ਮਾਲਕ ਸੀ, ਗੁਰੂ ਕਾ ਸਿਖ ਸੀ। ਉਸ ਨੇ ਧੰਨ ਭਾਗ ਜਾਣੇ ਕਿ ਗੁਰੂ ਬਾਲਕੇ ਦੇ ਮੂੰਹੋਂ ਸ਼ੁਕਰ ਹੈ ਨਿੱਕੀ ਜਿਹੀ ਮੰਗ ਨਿਕਲੀ ਹੈ, ਨਹੀਂ ਤਾਂ ਗੁਰੂ ਦਾਤੇ ਹਨ, ਕਦੇ ਕੁਛ ਨਹੀਂ ਮੰਗਦੇ। ਹੈ ਤਾਂ ਬਿਲਾਸ ਬਾਲਕੇ ਦਾ, ਪਰ ਸ਼ੁਕਰ ਹੈ ਕਿ ਕੁਛ ਮੰਗਿਆ ਨੇ। ਇਨ੍ਹਾਂ ਨੂੰ ਕੋਈ ਪ੍ਰਵਾਹ ਪਈ ਹੈ। ਓਸੇ ਦਿਨ ਇਕ ਸੁਹਣੀ ਸੁਥਕ ਸੈਰ ਕਰਨ ਵਾਲੀ ਕੀਮਤੀ ਕਿਸ਼ਤੀ ਆਪ ਦੀ ਭੇਟਾ ਕਰ ਦਿੱਤੀ ਗਈ। ਇਹ ਬੀ ਦੱਸੀਦਾ ਹੈ ਕਿ ਸਮਾ ਪਾਂ ਕੇ ਉਸ ਦੇ ਘਰ ਪੰਜ ਹੀ ਪੁੱਤਰ ਹੋ ਗਏ। [ਪੁਸਤਕ 'ਬਾਲਮ ਸਾਖੀਆਂ' ਚੋਂ ਧੰਨਵਾਦ ਸਹਿਤ

[ਸਫਾ ੨੫ ਦੀ ਬਾਕੀ]

ਘਟਨਾ ਤੋਂ ਭੀ ਅਨਜਾਣ ਹੋ ਕਿ ਸਾਈਂ ਬੁੱਧੂਸ਼ਾਹ ਅਤੇ ਉਸ ਦੇ ਪੈਰੋਕਾਰਾਂ ਨੂੰ ਇਸਲਾਮੀ ਹਕੂਮਤ ਦੇ ਬਾਗ਼ੀ ਦੇ ਪੁਤਰ ਦੀ, ਆਪਣੀਆਂ ਜਾਨਾਂ ਦੇ ਕੇ ਇਮਦਾਦ ਕਰਨ ਦੀ ਕਿਉਂ ਲੋੜ ਪਈ ਸੀ ?

(੮) ਕੋਟਲੇ ਦਾ ਨਵਾਬ, ਦੋ ਪਠਾਣ ਭਰਾ ਗ਼ਨੀ ਖ਼ਾਂ ਤੇ ਨਬੀ ਖ਼ਾਂ ਅਤੇ ਮੌਲਵੀ ਪੀਰ ਮੁਹੰਮਦ ਬਖ਼ਸ਼ ਗੁਰੂ ਮਹਾਰਾਜ ਦੇ ਕਿਉਂ ਆੜੇ ਆਏ ? ਕੀ ਉਹਨਾਂ ਨੂੰ ਪਤਾ ਨਹੀਂ ਸੀ ਕਿ ਉਹ ਇਕ ਬਾਗ਼ੀ ਦਾ ਪੁੱਤ ਹੈ ? ਤੇ ਉਂਜ ਵੀ ਹਕੂਮਤ ਨਾਲ ਬੜੀ ਭਾਰੀ ਟੱਕਰ ਲੈ ਰਿਹਾ ਹੈ ?

ਇਹ ਲਿਸਟ ਬੜੀ ਲੰਮੀ ਹੈ ਅਤੇ ਇਹ ਚੰਦ ਸਬੂਤ ਵੰਨਗੀ ਵਜੋਂ ਹਨ। ਪਿਆਰੇ ਨਵੀਨ ਖੋਜੀ ਜੀ, ਆਪਣੀ ਖੋਜ ਦਾ ਦਿਖ-ਹੱਦਾ ਹੋਰ ਵੱਡਾ ਕਰੋ। ਇਹ ਤਾਂ ਹੀ ਹੋ ਸਕਦਾ ਹੈ ਜੇ ਤੁਹਾਡੀਆਂ ਅਖਾਂ ਤੋਂ ਪੱਟੀ ਲਥ ਜਾਵੇ। ਇਹ ਹਨ ਹਾਲਾਤ, ਇਤਿਹਾਸਕ ਪਿਛੋਕੜ ਤੇ ਠੋਸ ਗਵਾਹੀਆਂ, ਜਿਹੜੀਆਂ ਦਸਦੀਆ ਹਨ ਕਿ ਇਹ ਲਾ-ਜਵਾਬ ਕੁਰਬਾਨੀ, ਜਿਸਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ, ਕਿਉਂ ਦੇਣੀ ਪਈ ਤੇ ਇਸ ਦੇ ਦੂਰ-ਰਸ ਸਿੱਟੇ ਕੀ ਨਿਕਲੇ ?

www.AKJ.Org

# ਬੀਬੀ ਮਥੋ ਜੀ

[ ਵਲੋਂ :—ਸ: ਵਰਿਆਮ ਸਿੰਘ ਜੀ, ਦਿੱਲੀ—੩੧ ]

ਬੀਬੀ ਮਥੋ ਜੀ ਉਨ੍ਹਾਂ ਮਾਨ ਯੋਗ ਇਸਤ੍ਰੀਆਂ ਵਿਚੋਂ ਇਕ ਸੀ, ਜਿਨ੍ਹਾਂ ਨੂੰ ਕੌਮ ਦੀ ਰਜਵੀਂ ਸੇਵਾ ਕਰਨ ਦਾ ਮਾਣ ਪ੍ਰਾਪਤ ਸੀ। ਅਨੇਕਾਂ ਤਪਦੇ ਹਿਰਦਿਆਂ ਨੂੰ ਸਿੱਖੀ ਦੀ ਜਾਗ ਲਾਈ ਅਤੇ ਅਕਾਲ ਪੁਰਖ ਦੀਆਂ ਮਿਹਰਾਂ ਦੀ ਪਾਤਰ ਬਣੀ।

ਆਪ ਦਾ ਜਨਮ ਇਕ ਸੱਚੇ ਤੇ ਸੁੱਚੇ ਸਿੱਖ, ਸ਼ੀਹਾਂ ਉਪਲ ਦੇ ਘਰ ਹੋਇਆ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਹੈ :—

ਸੀਹਾਂ ਉਪਲੁ ਜਾਣੀਐ
ਗਜਣੁ ਉਪਲੁ ਸਤਿਗੁਰ ਭਾਵੈ।
(ਵਾਰ ੧੧, ਪਉੜੀ ੧੪)

ਭਾਈ ਸ਼ੀਹਾਂ ਉਪਲ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਲਗੇ ਸਨ, ਫਿਰ ਗੁਰੂ ਅੰਗਦ ਦੇਵ ਜੀ ਦੇ ਦਰਸ਼ਨਾਂ ਦਾ ਰਸ ਮਾਣਦੇ ਰਹੇ ਅਤੇ ਹੁਣ ਗੁਰੂ ਅਮਰ ਦਾਸ ਜੀ ਦੇ ਪਾਸ ਰਹਿ ਕੇ ਸਿੱਖੀ ਦੀ ਕਾਰ ਕਮਾ ਰਹੇ ਸਨ। ਜਿਸ ਗੁਰੂ ਦੇ ਸਿਖ ਨੂੰ ਤਿੰਨ ਪਾਤਸ਼ਾਹੀਆਂ ਦੇ ਦਰਸ਼ਨ ਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਵੇ ਉਸ ਪਵਿੱਤਰ ਆਤਮਾ ਦੇ ਘਰ, ਜਿਸ ਬੱਚੀ ਨੇ ਜਨਮ ਲਿਆ ਹੋਏ, ਉਸ ਦੇ ਭਾਗ ਕਿਉਂ ਨ ਸੁਲੱਖਣੇ ਹੋਣ ? ਉਹ ਬੀਬੀ ਕਿਉਂ ਨਾ ਗੁਰਮਤਿ ਦੀ ਕਸੌਟੀ ਤੇ ਕੰਚਨ ਵਤ ਚਮਕੇ ? ਉਸ ਦੇ ਇਮਤਿਹਾਨ ਦੀ ਘੜੀ ਉਦੋਂ ਆਈ, ਜਦੋਂ ਪਿਤਾ ਨੇ ਕਿਹਾ, "ਪੁੱਤਰੀ! ਚਲ ਮੇਰੇ ਨਾਲ, ਗੁਰੂ ਜੀ ਪਾਸ।" "ਚੰਗਾ ਪਿਤਾ ਜੀ! ਜਿਵੇਂ ਆਗਿਆ।" ਇਹ ਕਹਿ ਕੇ ਉਸ ਨੇ ਸਿਰ ਝੁਕਾ ਦਿੱਤਾ। ਅਤੇ ਕਿਸੇ ਕਿਸਮ ਦੀ ਕੋਈ ਪੁੱਛ ਨਾ ਕੀਤੀ।

ਉਹ ਇਕ ਆਗਿਆਕਾਰ ਸਪੁੱਤਰੀ ਸੀ। ਮਾਤਾ ਪਿਤਾ ਅਗੇ ਕਿੰਤੂ ਕਰਨਾ ਉਹ ਜਾਣਦੀ ਨਹੀਂ ਸੀ। ਜਦੋਂ ਉਸ ਨੂੰ ਪਤਾ ਲਗਿਆ ਕਿ ਉਸ ਦਾ ਵਿਆਹ ਇਕ ਅਜਿਹੇ ਮਨੁੱਖ ਨਾਲ ਕੀਤਾ ਜਾ ਰਿਹਾ ਹੈ ਜਿਸ ਦੇ ਮਾਂ ਬਾਪ ਦਾ ਕੋਈ ਪਤਾ ਨਹੀਂ, ਜੋ ਬਹੁਤ ਗਰੀਬ ਹੈ, ਜਿਸ ਦੀ ਜ਼ਾਤ ਵੀ ਹੋਰਵੇਂ ਹੈ, ਫਿਰ ਸਭ ਤੋਂ ਅਨੋਖੀ ਗੱਲ ਇਹ ਹੈ ਕਿ ਉਹ ਥੋੜਾ ਸਮਾਂ ਪਹਿਲੋਂ ਜਨਮ ਦਾ ਰੋਗੀ ਸੀ ਅਤੇ ਕੋਹੜ ਨਾਲ ਉਸ ਦਾ ਸਾਰਾ ਬਦਨ ਫੁਟਿਆ ਪਿਆ ਸੀ। ਚਾਹੇ ਉਸ ਨੂੰ ਹੁਣੇ ਜਿਹੇ ਗੁਰੂ ਸਾਹਿਬ ਨੇ ਠੀਕ ਕਰ ਦਿਤਾ ਹੈ, ਪਰ ਉਹ ਮਨੁਖ ਜੋ ਦਾਗੀ ਹੋ ਚੁਕਾ ਸੀ, ਉਸ ਵਲ ਖਿਆਲ ਕੀਤਿਆਂ ਕੰਬਣੀ ਆ ਜਾਂਦੀ ਹੈ। ਫਿਰ ਵੀ ਉਸ ਨੇ ਗੁਰੂ ਸਾਹਿਬ ਅਤੇ ਪਿਤਾ ਦਾ ਆਖਾ ਮੰਨਿਆ ਅਤੇ ਅਜਿਹੇ ਮਨੁਖ ਦੇ ਲੜ ਲਗਣ ਨੂੰ ਸਵੀਕਾਰ ਕੀਤਾ।

ਬੀਬੀ ਮਥੋ ਦਾ ਵਿਆਹ ਜਿਸ ਮਨੁੱਖ ਨਾਲ ਹੋਇਆ ਸੀ, ਉਹ ਲਾਹੌਰ ਦੇ ਜ਼ਿਲੇ ਵਿਚ ਖਾਈ ਪਿੰਡ ਦੇ ਰਹਿਣ ਵਾਲਾ ਸੀ ਅਤੇ ਪ੍ਰੇਮਾ ਕੁਸ਼ਟੀ ਕਰਕੇ ਪੁਕਾਰਿਆ ਜਾਂਦਾ ਸੀ। ਇਸ ਦੇ ਮਾਂ ਬਾਪ ਬਚਪਨ ਵਿਚ ਹੀ ਇਸ ਨੂੰ ਵਿਛੋੜਾ ਦੇ ਗਏ ਸਨ।

ਮਾਪਿਆਂ ਦੀ ਜਾਇਦਾਦ ਗੁਜ਼ਾਰੇ ਜੋਗੀ ਬਥੇਰੀ ਸੀ, ਪਰ ਅਨਜਾਣ ਸੀ। ਮਾਇਆ ਨੂੰ ਲੁਟਣ ਘਸੁਟਣ ਵਾਲੇ ਬਥੇਰੇ ਯਾਰ ਆ ਇਕੱਠੇ ਹੋਏ। ਕੁਸੰਗਤ ਵਿਚ ਫਸ ਗਿਆ ਅਤੇ ਕੁਕਰਮਾਂ ਵਿਚ ਪੈ ਕੇ ਆਪਣੀ ਕੰਚਨ ਵਰਗੀ ਦੇਹੀ ਨੂੰ ਬਰਬਾਦ ਕਰਨ ਲਗਾ। ਮਾਇਆ ਮੁਕ ਗਈ। ਸਰੀਰ ਵਿਚ ਕੋੜ੍ਹ ਹੋ ਗਿਆ ਅਤੇ ਖਾਣ ਪੀਣ ਵਾਲੇ ਸਭ ਯਾਰ ਪਿਠ ਮੋੜ ਗਏ। ਪ੍ਰੇਮੇ ਨੂੰ ਆਪਣੇ ਨਰਕੀ ਜੀਵਨ ਵਲ ਝਾਤੀ ਮਾਰ ਮਾਰ ਕੇ ਕੰਬਣੀਆਂ ਆਉਂਦੀਆਂ ਸਨ। ਉਸ ਨੂੰ ਆਪਣੇ ਕੀਤੇ ਕੁਕਰਮਾਂ ਦਾ ਪਛਤਾਵਾ ਓਦੋਂ ਹੋਇਆ ਜਦੋਂ ਕਿ ਉਹ ਆਪਣਾ ਤਨ, ਮਨ ਤੇ ਧਨ, ਸਭ ਕੁਝ ਇਸ ਕੁਕਰਮਾਂ ਦੀ ਭੱਠੀ ਵਿਚ ਸਾੜ ਕੇ ਸੁਆਹ ਕਰ ਚੁਕਾ ਸੀ। ਪਰ ਹੁਣ ਪਛਤਾਇਆਂ ਕੀ ਬਣੇ ?

ਮੰਗ ਪਿੰਨ ਕੇ ਗੁਜ਼ਾਰਾ ਕਰਨ ਲਗਾ। ਕਿਸੇ ਨੇ ਸਲਾਹ ਦਿੱਤੀ ਕਿ ਗੋਇੰਦਵਾਲ ਚਲਾ ਜਾ। ਉਥੇ ਗੁਰੂ ਅਮਰਦਾਸ਼ ਜੀ ਜੋਤਿ ਜਗਾ ਰਹੇ ਹਨ। ਉਹ



www.AKJ.Org

ਤੇਰੇ ਸਾਰੇ ਦੁਖ ਦੂਰ ਕਰ ਦੇਣਗੇ। ਇਹ ਸੁਣ ਕੇ ਇਹ ਰਿੜਦਾ ਖਿੜਦਾ ਕਿਸੇ ਤਰ੍ਹਾਂ ਗੋਇੰਦਵਾਲ ਪਹੁੰਚ ਗਿਆ। ਗੁਰੂ ਸਾਹਿਬ ਦਾ ਜਿਥੇ ਦਰਬਾਰ ਸੀ, ਉਸ ਤੋਂ ਦੂਰ ਇਕ ਥਾਂ ਟਿਕ ਗਿਆ। ਕੋਹੜੀ ਨੂੰ ਸ਼ਰਮ ਆਵੇ ਕਿ ਕਿਹੜੇ ਮੂੰਹ ਨੂੰ ਗੁਰੂ-ਦਰਬਾਰ ਵਿਚ ਜਾਵੇ। ਇਹ ਵੀ ਉਸ ਸੁਣਿਆ ਸੀ ਕਿ ਗੁਰੂ ਅੰਤਰ-ਜਾਮੀ ਹੈ, ਉਹ ਹਰੇਕ ਦੀ ਪੀੜਾ ਨੂੰ ਜਾਣਦੇ ਹਨ। ਜੇ ਕੋਈ ਉਨ੍ਹਾਂ ਦੀ ਸ਼ਰਨ ਜਾ ਪਵੇ ਤਾਂ ਉਸ ਤੇ ਤਰਸ ਕਰਦੇ ਹਨ ਅਤੇ ਉਸ ਦੇ ਸਭ ਦੁਖ-ਦਰਦ ਮੇਟ ਦਿੰਦੇ ਹਨ। ਪ੍ਰੇਮਾ ਕੋਹੜੀ ਗੁਰੂ ਦਰਬਾਰ ਤੋਂ ਬਾਹਰਵਾਰ ਹੀ ਕੁਝ ਫਾਸਲੇ ਤੇ ਹੀ ਰੁਕ ਗਿਆ ਅਤੇ ਉਥੇ ਬੈਠ ਕੇ ਲਗਾ ਗੁਰੂ ਗੁਰੂ ਕਰਨ। ਉਸ ਨੂੰ ਉਥੇ ਬੈਠਿਆਂ ਕਈ ਦਿਨ ਬੀਤ ਗਏ ਅਤੇ ਗੁਰ-ਚਰਨਾਂ ਦੀ ਯਾਦ ਵਿਚ ਐਸਾ ਜੁੜਿਆ ਕਿ ਉਹ ਸਭ ਕੁਝ ਭੁਲ ਗਿਆ। ਜਦ ਕਾਫ਼ੀ ਦਿਨ ਬੀਤ ਗਏ ਤਾਂ ਇਕ ਦਿਨ ਗੁਰੂ ਸਾਹਿਬ ਮਿਹਰ ਦੇ ਘਰ ਆਏ। ਸਿੱਖਾਂ ਨੂੰ ਆਗਿਆ ਕੀਤੀ, "ਜਾਉ ਭਾਈ! ਬਾਹਰ ਜੋ ਪ੍ਰੇਮਾ ਨਾਮ ਦਾ ਮਨੁਖ ਬੈਠਾ ਹੈ, ਉਸ ਨੂੰ ਸਣ-ਕੇਸੀਂ ਇਸ਼ਨਾਨ ਕਰਾ ਕੇ ਸਾਡੇ ਪਾਸ ਲੈ ਆਉ।" ਸਿੱਖਾਂ ਨੇ ਇਵੇਂ ਹੀ ਹੁਕਮ ਦੀ ਤਾਮੀਲ ਕੀਤੀ ਅਤੇ ਭਾਈ ਪ੍ਰੇਮੇ ਨੂੰ ਸਣ-ਕੇਸੀਂ ਇਸ਼ਨਾਨ ਕਰਾ ਕੇ ਗੁਰੂ ਸਾਹਿਬ ਦੇ ਦਰਬਾਰ ਵਿਚ ਲੈ ਆਏ।

ਪ੍ਰੇਮਾ ਆਪਣੇ ਕੀਤੇ ਤੇ ਸਖ਼ਤ ਸ਼ਰਮਸਾਰ ਸੀ। ਪਛਤਾਵੇ ਨੇ ਉਸ ਨੂੰ ਹੋਸ਼ ਵਿਚ ਲੈ ਆਂਦਾ ਅਤੇ ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਬੇਨਤੀਆਂ ਵਿੱਚ ਜੁੜ ਕੇ ਉਹ ਪ੍ਰਾਸਚਿਤ ਕਰਦਾ-ਕਰਦਾ ਹੁਣ ਮਨ ਕਰਕੇ ਅਰੋਗ ਹੋ ਗਿਆ ਸੀ। ਉਸ ਦਾ ਮਨ ਨਿਰਮਲ ਹੋ ਚੁਕਾ ਸੀ। ਜਦੋਂ ਗੁਰੂ ਕੇ ਸਿਖਾਂ ਨੇ ਇਸ ਨੂੰ ਗੁਰੂ ਦਰਬਾਰ ਵਿਚ ਹਾਜ਼ਰ ਕੀਤਾ ਤਾਂ ਇਹ ਪ੍ਰਾਸਚਿਤ ਵਿਚ ਅਤੀ ਮਸਕੀਨ ਹੋ ਚੁਕਾ ਸੀ। ਇਸ ਤੋਂ ਰੋਣਾ ਸੰਭਲਿਆ ਨਾ ਜਾਵੇ ਅਤੇ ਬਿਹਬਲ ਹੋਇਆ ਗੁਰੂ-ਦਰਬਾਰ ਵਿਚ ਚੌਫਾਲ ਲੰਮਾ ਪੈ ਗਿਆ। ਗੁਰੂ ਪਾਤਸ਼ਾਹ ਮਿਹਰ ਦੇ ਘਰ ਆਏ। ਉਸ ਵਲ ਕਿਰਪਾ ਦ੍ਰਿਸ਼ਟੀ ਸੁੱਟੀ। ਐਸੀ ਮਿਹਰ ਦੀ ਨਜ਼ਰ ਹੋਈ ਕਿ ਸਰੀਰ ਦਾ ਕੋੜ੍ਹ ਕਿਤੇ ਨਜ਼ਰ ਨਾ ਆਇਆ ਅਤੇ ਦੇਹੀ ਕੰਚਨ ਵਤ ਹੋ ਗਈ, ਕ੍ਰਿਸ਼ਨ ਮੁਰਾਰੀ ਵਾਂਗ ਸਰੀਰ ਸੁੰਦਰ ਬਣ ਗਿਆ।

ਗੁਰੂ ਸਾਹਿਬ ਨੇ ਇਸ ਦਾ ਨਾਂ ਬਦਲ ਕੇ ਮੁਰਾਰੀ ਰਖ ਦਿੱਤਾ। ਗਿਆਨੀ ਕਰਤਾਰ ਸਿੰਘ ਜੀ ਕਲਾਸ-ਵਾਲੀਆ ਲਿਖਦੇ ਹਨ :—

ਹੋ ਗਿਆ ਮੁਰਾਰੀ ਪ੍ਰੇਮਯੋਂ ਓਹ
ਸਤਿਗੁਰਾਂ ਦੀ ਮਿਹਰ ਅਪਾਰ ਹੋਈ।
ਓਹੋ ਕੁਸ਼ਟ ਵਾਲੀ ਦੇਹੀ ਚੰਦਰੀ ਜੋ
ਸੋਹਨੀ ਸੋਨੇ ਦੇ ਵਾਂਗ ਵਿਚਾਰ ਹੋਈ।
ਉਹ ਨਰਕੀ ਜੀਵ ਸਵਰਗ ਪਹੁੰਚਾ
ਪੂਰੇ ਗੁਰੂ ਦੀ ਮਿਹਰ ਇਕ ਵਾਰ ਹੋਈ।
ਐਸੇ ਗੁਰੋਂ ਬੇਮੁਖ ਕਰਤਾਰ ਸਿੰਘਾ
ਓਹੋ ਲੋਕ ਜਿਹਨਾਂ ਕਰਮਾਂ ਮਾਰ ਹੋਈ।

(ਦਾਤਾਰੀ ਜੋਤ, ਪੰਨਾ ੬੨)

ਹੁਣ ਗੁਰੂ ਸਾਹਿਬ ਨੇ ਭਰੀ ਸੰਗਤ ਵਿਚ ਐਲਾਨ ਕੀਤਾ—ਗੁਰੂ ਨਾਨਕ ਸਾਹਿਬ ਜੀ ਦੀ ਅਪਾਰ ਕਿਰਪਾ ਨਾਲ ਇਹ ਰਾਜ਼ੀ ਹੋਇਆ ਹੈ ਅਤੇ ਇਸ ਨੂੰ ਨਵਾਂ ਜੀਵਨ ਪ੍ਰਾਪਤ ਹੋਇਆ ਹੈ। ਸਤਿਗੁਰਾਂ ਦੀ ਇਸ ਤੇ ਮਿਹਰ ਹੋਈ ਹੈ। ਹੁਣ ਇਹ ਵਡਭਾਗਾ ਹੋ ਗਿਆ ਹੈ। ਕੋਈ ਸਿੱਖ ਅਜਿਹਾ ਹੈ ਜੋ ਇਸ ਨੂੰ ਆਪਣੀ ਕੰਨਿਆ ਦਾਨ ਦੇਵੇ? ਇਸ ਦੇ ਲੜ ਲਗ ਕੇ ਉਹ ਕੰਨਿਆ ਵੀ ਭਾਗਾਂ ਵਾਲੀ ਹੋ ਜਾਵੇਗੀ। ਇਹ ਸੁਣ ਕੇ ਭਾਈ ਸ਼ੀਹਾਂ ਉਪਲ ਉਠ ਖੜਾ ਹੋਇਆ ਅਤੇ ਹੱਥ ਜੋੜ ਕੇ ਬੋਲਿਆ, ਦਾਤਾ! ਮੇਰੀ ਕੰਨਿਆ ਵਰਯੋਗ ਹੈ। ਉਸ ਨੂੰ ਇਸ ਦੇ ਚਰਨਾਂ ਦੀ ਦਾਸੀ ਬਣਨ ਦਾ ਮਾਣ ਬਖਸ਼ੋ। ਗੁਰੂ ਸਾਹਿਬ ਨੇ ਗਦ ਗਦ ਹੋਕੇ ਫੁਰਮਾਇਆ, ਧੰਨ ਗੁਰਸਿਖੀ! ਅਛਾ ਜਾਉ! ਆਪਣੀ ਕੰਨਿਆ ਨੂੰ ਸਾਡੇ ਪਾਸ ਲੈ ਆਉ।

ਭਾਈ ਸ਼ੀਹਾਂ ਉਪਲ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਮਥਾ ਟੇਕਿਆ, ਖ਼ੁਸ਼ੀ ਖ਼ੁਸ਼ੀ ਘਰ ਪਹੁੰਚਿਆ ਅਤੇ ਆਪਣੀ ਇਸਤ੍ਰੀ ਦੇ ਸੁਭਅ ਤੋਂ ਜਾਣੂ ਹੋਣ ਕਰਕੇ ਉਸ ਨੂੰ ਲੰਗਰ ਦੀ ਸੇਵਾ ਵਲ ਭੇਜ ਦਿੱਤਾ ਕਿ ਉਹ ਨੇਕ ਕੰਮ ਵਿਚ ਰੁਕਾਵਟ ਨਾ ਪਾਵੇ। ਆਪਣੀ ਬੇਟੀ, ਬੀਬੀ ਮਥੋ ਨੂੰ ਨਾਲ ਲਿਆ ਅਤੇ ਗੁਰੂ ਸਾਹਿਬ



www.AKJ.Org

ਦੇ ਚਰਨਾਂ ਵਿਚ ਪੁਜ ਕੇ ਇਸ ਦਾ ਵਿਆਹ, ਭਾਈ ਮੁਰਾਰੀ ਨਾਲ ਕਰ ਦਿੱਤਾ।

ਜਦੋਂ ਇਸ ਗੱਲ ਦਾ ਪਤਾ, ਭਾਈ ਸ਼ੀਹਾਂ ਉਪਲ ਦੀ ਇਸਤ੍ਰੀ ਨੂੰ ਲਗਿਆ ਤਾਂ ਉਹ ਲੰਗਰ ਵਿਚੋਂ ਦੌੜੀ ਆਈ। ਕਿਉਂਕਿ ਉਹ ਭਾਈ ਮੁਰਾਰੀ (ਜਿਸ ਦਾ ਪਹਿਲਾ ਨਾਂ ਭਾਈ ਪ੍ਰੇਮਾ ਸੀ) ਨੂੰ ਚੰਗੀ ਤਰ੍ਹਾਂ ਜਾਣਦੀ ਸੀ ਕਿ ਇਸ ਦੇ ਮਾਂ ਬਾਪ ਦਾ ਕੋਈ ਪਤਾ ਨਹੀਂ, ਬਹੁਤ ਖਸਤਾ ਹਾਲ ਹੈ ਅਤੇ ਰੋਗੀ ਹੈ। ਉਸ ਨੇ ਗੁਰੂ ਸਾਹਿਬ ਦੇ ਚਰਨਾਂ ਤੇ ਆ ਮਥਾ ਟੇਕਿਆ ਅਤੇ ਬੇਨਤੀ ਕੀਤੀ "ਸਚੇ ਪਿਤਾ ਜੀ! ਇਹ ਕੀ?" ਗੁਰੂ ਸਾਹਿਬ ਨੇ ਫੁਰਮਾਇਆ, "ਬੇਟੀ! ਉਧਰ ਦੇਖ।"

ਜਦੋਂ ਸ਼ੀਹਾਂ ਉਪਲ ਦੀ ਇਸਤ੍ਰੀ ਨੇ ਉਧਰ ਦੇਖਿਆ ਤਾਂ ਭਾਈ ਮੁਰਾਰੀ ਨੂੰ ਦੇਖ ਕੇ ਹੈਰਾਨ ਹੋ ਗਈ। ਉਹ ਤਾਂ ਇਸ ਤਰ੍ਹਾਂ ਨੌ-ਬਰ-ਨੌ ਬੈਠਾ ਸੀ ਜਿਵੇਂ ਉਸ ਨੂੰ ਕਦੇ ਕੋਈ ਰੋਗ ਹੋਇਆ ਹੀ ਨਾ ਹੋਵੇ। ਭਾਈ ਸ਼ੀਹਾਂ ਉਪਲ ਦੀ ਇਸਤ੍ਰੀ ਖੁਸ਼ੀ ਨਾਲ ਬਾਗ ਬਾਗ ਹੋ ਗਈ। ਉਸ ਨੇ ਧੀ ਜਵਾਈ ਦੋਹਾਂ ਨੂੰ ਸਤਿਕਾਰਿਆ।

ਗੁਰੂ ਅਮਰਦਾਸ ਜੀ ਨੇ ਵਖ ਵਖ ਇਲਾਕਿਆਂ ਵਿਚ ਸਿਖ ਧਰਮ ਦੇ ਪਰਚਾਰ ਲਈ ੨੨ ਮੰਜੀਆਂ ਦੀ ਸਥਾਪਨਾ ਕੀਤੀ। ੨੨ ਉਚ ਕਰਣੀ ਵਾਲੇ ਗੁਰ-ਸਿਖ ਮੁਕੱਰਰ ਕੀਤੇ, ਜਿਨ੍ਹਾਂ ਦੇ ਜ਼ਿੰਮੇ ਸੀ ਕਿ ਵਧ ਤੋਂ ਵਧ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਧਰਮ ਦਾ ਅਨੁਯਾਈ ਬਣਾਉਣਾ ਹੈ। ਉਨ੍ਹਾਂ ਵਿਚੋਂ ਇਕ ਮੰਜੀ 'ਮਥੋ ਮੁਰਾਰੀ' ਨੂੰ ਸੌਂਪੀ ਗਈ।

ਸਿੱਖ ਇਤਿਹਾਸ ਵਿਚ ਦੋਹਾਂ ਦਾ ਸੰਮਲਿਤ ਨਾਂ ਹੀ ਆਉਂਦਾ ਹੈ। ਗੁਰੂ ਸਾਹਿਬ ਨੇ ਦੋਹਾਂ ਨੂੰ ਸਿੱਖ ਧਰਮ ਦਾ ਪਰਚਾਰਕ ਬਣਾਇਆ ਸੀ ਅਤੇ ਦੋਹਾਂ ਨੂੰ ਸਿਖਿਆ ਦਿੰਦੇ ਹੋਏ ਕਿਹਾ ਸੀ—

ਮਥੋ ਮੁਰਾਰੀ ! ਅਬਿ ਤੁਮ ਜਾਵਹੁ।
ਸੱਤਯ ਨਾਮ ਉਪਦੇਸ਼ ਦ੍ਰਿੜ੍ਹਾਵਹੁ।
ਗੁਰਸਿੱਖੀ ਜਗ ਅਧਿਕ ਬ੍ਰਿਧਾਵਹੁ।
ਨਿਜ ਗ੍ਰਿਹਿ ਬਸਹੁ ਸਦਾ ਸੁਖ ਪਾਵਹੁ ॥੭੨॥
ਤੇਰੇ ਬਾਕ ਫੁਰੈ ਜਿਮਿ ਕਹੈਂ।
ਬਰ ਕੈ ਸ੍ਰਾਪ ਦੇਹਿ ਜਿਸ ਚਹੈਂ।
ਤੇਰੀ ਭਗਤਿ ਪਰੀ ਅਬਿ ਪੂਰੀ।
ਪ੍ਰਾਪਤਿ ਭਈ ਮਹਾਂ ਗਤਿ ਰੂਰੀ ॥੭੩॥
ਤੁਝਿ ਸੋਂ ਮਿਲੈ ਸੁ ਭਵਜਲ ਤਰੈ।
ਤੋ ਕਹਿਬੋ ਇਸ ਤੇ ਕਜਾ ਪਰੈ।
ਭੁਕਤਿ ਮੁਕਤਿ ਨਵਤਨ ਤਿਸ ਦੇ ਕੈ।
ਬਿਦਾ ਕਰਯੋ ਗਮਨਯੋ ਸੁਖ ਪੈ ਕੈ ॥੭੪॥
(ਸੂਰਜ ਪ੍ਰਕਾਸ਼, ਰਾਸਿ ੧, ਅੰਸੂ ੬੧)

ਪ੍ਰੋਫੈਸਰ ਸਾਹਿਬ ਸਿੰਘ ਜੀ ਵੀ ਲਿਖਦੇ ਹਨ ਕਿ ਦੋਹਾਂ ਦਾ ਮਿਲਵਾਂ ਨਾਮ 'ਮਥੋ ਮੁਰਾਰੀ' ਸਿੱਖ ਇਤਿ-ਹਾਸ ਵਿਚ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਨੇ 'ਮਥੋ ਮੁਰਾਰੀ' ਨੂੰ ਪਰਚਾਰਕ ਦੀ ਮੰਜੀ ਬਖਸ਼ੀ।

ਭਾਈ ਮੁਰਾਰੀ ਜੀ, ਬੀਬੀ ਮਥੋ ਸਮੇਤ ਪਿੰਡ ਖਾਈ, ਜ਼ਿਲਾ ਲਾਹੌਰ ਆ ਗਏ। ਜਿਹੜੇ ਰਿਸ਼ਤੇਦਾਰ ਪਹਿਲਾਂ ਭਾਈ ਮੁਰਾਰੀ ਜੀ ਨੂੰ ਨੇੜੇ ਨਹੀਂ ਸਨ ਢੁਕਣ ਦੇਂਦੇ ਓਹੋ ਹੁਣ ਆਪ ਦਾ ਸਵਾਗਤ ਕਰਨ ਲਗ ਪਏ। ਇਹ ਗੁਰੂ ਸਾਹਿਬ ਦੀ ਅਪਾਰ ਕਿਰਪਾ ਸਮਝੋ ਜਾਂ ਭਾਈ ਮੁਰਾਰੀ ਜੀ ਦਾ ਸਿੱਖੀ ਵੱਲ ਪ੍ਰੇਰੇ ਜਾਣ ਦਾ ਅਸਰ। ਪਿੰਡ ਖਾਈ ਰਹਿਕੇ ਭਾਈ ਮੁਰਾਰੀ ਜੀ ਤੇ ਬੀਬੀ ਮਥੋ ਜੀ ਨੇ ਗੁਰਮਤਿ ਦਾ ਬਹੁਤ ਪਰਚਾਰ ਕੀਤਾ।

---

# ਸਤੰਬਰ ਦੇ ਪਰਚੇ ਵਿਚ ਸੋਧ

'ਸੂਰਾ' ਸਤੰਬਰ ਵਿਚ 'ਕੇਸਕੀ ਦੀ ਸੋਭਾ' ਵਾਲੇ ਲੇਖ ਵਿਚ ਹੇਠ ਲਿਖੇ ਅਨੁਸਾਰ ਸੋਧ ਕਰ ਲਵੋ ਜੀ—

| ਪੰਨਾ | ਕਾਲਮ | ਸਤਰ | ਦੀ ਬਜਾਏ | ਪੜ੍ਹੋ |
|---|---|---|---|---|
| ੧੪ | ੧ | ੮ | ਸਿਖ ਦਸਤਾਰ ਸਜਾਏ | ਸਿੱਖ ਇਸਤ੍ਰੀ ਦਸਤਾਰ ਸਜਾਏ |
| ੧੪ | ੧ | ੨੯ | ਫੈਸ਼ਨ ਵੀ ਮਰਦਾਨਾ ਲਿਬਾਸ | ਫੈਸ਼ਨਵੀ—ਮਰਦਾਨਾ ਲਿਬਾਸ |
| ੧੫ | ੨ | ੩ | ਗੁਰੂ ਦੀ | ਗੁਰੂ ਦੀ ਮੋਹਰ ਦੀ |

**ਅਮਾਨਤੀ ਲਾਈਫ ਮੈਂਬਰਾਂ** ਦੀ ਲਿਸਟ ਵਿਚ ਚਿਟ ਨੰਬਰ ੧੯੫੭ ਦਾ ਨਾਂ ਸ: ਗੁਰਪਾਲ ਸਿੰਘ ਦੀ ਥਾਂ ਸ: ਗੁਰਹਰਪਾਲ ਸਿੰਘ ਪੜ੍ਹੋ ਜੀ।



www.AKJ.Org

# "ਬਾਣੀ ਬਿਰਲਉ ਬੀਚਾਰਸੀ"

[ ਵੱਲੋਂ :—ਸ: ਮਾਲਕ ਸਿੰਘ ਜੀ, ਕੈਮਿਸਟ ਇਨਚਾਰਜ, ਜੰਮੂ ]

ਧੁਰੋਂ ਅਵਤਰੀ ਬਾਣੀ ਗੁਰੂ ਸਾਹਿਬਾਨ ਦੇ ਮੁਖਾਰ-ਬਿੰਦ ਤੋਂ ਉਚਾਰਨ ਹੋ ਕੇ ਸੰਚੀਆਂ ਦੇ ਰਾਹੀਂ ਲਿਖਤ ਰੂਪ ਵਿਚ ਆਈ। ਠੀਕ ਉਸ ਲੜੀਦਾਰ ਸਰੂਪ ਵਿਚ ਹੀ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਸਾਰੀ ਤੇ ਹੋਰ ਇਲਾਹੀ ਬਾਣੀ ਇਕੱਤਰ ਕਰ ਦਿਤੀ।

ਸੰਸਾਰੀ ਅਲਪਗ ਜੀਵਾਂ ਨੂੰ ਕਿਵੇਂ ਜੁਰਅਤ ਹੋ ਸਕਦੀ ਹੈ ਕਿ ਉਹ ਆਪਣੀ ਤੁਛ ਬੁੱਧੀ ਅਨੁਸਾਰ ਇਸ ਪਾਵਨ ਸਰੂਪ ਦੇ ਪਾਠਾਂ ਨੂੰ ਪਦ-ਛੇਦ ਕਰੇ ਅਤੇ ਆਪਣੀ ਮਤਿ ਅਨੁਸਾਰ ਪਾਠ-ਨਿਰਣੇ ਕਰ ਕੇ ਮੋਹਰ ਲਾ ਦੇਵੇ ਕਿ ਇਹ ਸਹੀ ਰੂਪ ਹੈ, ਅਥਵਾ ਸ਼ੁਧ ਪਾਠ ਹੈ। ਵਡੇ ਤੋਂ ਵਡਾ ਪ੍ਰਚਾਰਕ, ਗੁਣੀ ਗਿਆਨੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਜੋ ਉਸ ਨੇ ਪਦਛੇਦ ਕੀਤੇ ਹਨ ਉਹ ਸਹੀ ਹਨ। ਜੇਕਰ ਪੰਥ ਦੇ ਸਾਰੇ ਵਿਦਵਾਨ ਇਕੱਠੇ ਵੀ ਹੋ ਜਾਣ ਤੇ ਸਭ ਦੀ ਰਾਇ ਲਈ ਜਾਏ ਤਾਂ ਵੀ ਕਈ ਐਸੇ ਸ਼ਬਦ ਆਉਣਗੇ ਜਿਨ੍ਹਾਂ ਦੇ ਪਦਛੇਦ ਕਰਨ ਤੇ ਸਭ ਦੀ ਰਾਇ ਇਕ ਨਹੀਂ ਹੋ ਸਕਦੀ। ਇਸ ਲਈ ਪਦ-ਛੇਦ ਕਰਨਾ ਕਿਸੇ ਤਰੀਕੇ ਨਾਲ ਵੀ ਉਚਿਤ ਨਹੀਂ ਕਿਹਾ ਜਾ ਸਕਦਾ। ਫਿਰ ਇਕੱਲੀ ਕੋਈ ਵੀ ਸੰਸਥਾ ਚਾਹੇ ਓਹੁ ਕਿਤਨੀ ਵੀ ਮੁਖੀ ਕਿਉਂ ਨ ਹੋਏ, ਉਸ ਦਾ ਫ਼ੈਸਲਾ ਪੰਥ ਦਾ ਫੈਸਲਾ ਨਹੀਂ ਕਿਹਾ ਜਾ ਸਕਦਾ। ਕਿਸੇ ਵੀ ਸੰਸਥਾ ਦਾ ਆਪਣੀ ਬਹੁ-ਸੰਮਤੀ ਨਾਲ ਕੋਈ ਮਤਾ ਪਾਸ ਕਰ ਲੈਣਾ, ਪੰਥਕ ਮਤਾ ਨਹੀਂ ਹੋ ਸਕਦਾ। ਫਿਰ ਖਾਸ ਕਰ ਕੇ ਪਾਵਨ ਗੁਰਬਾਣੀ ਦੇ ਸਰੂਪ ਨੂੰ ਹੀ ਅ ਪਣੀ ਮਰਜ਼ੀ ਮੁਤਾਬਕ ਬਣਾ ਲੈਣਾ ਕਿਤਨੀ ਭਾਰੀ ਅਵੱਗਿਆ ਹੈ।

'ਗੁਰਬਾਣੀ ਇਸੁ ਜਗ ਮਹਿ ਚਾਨਣੁ" ਤੇ ਇਸ ਦਾ ਸਹੀ ਪ੍ਰਕਾਸ਼, ਇਸ ਦੀ ਸਹੀ ਸਮਝ, ਨਾਮ ਰਸ ਵਿਚ ਲੀਨ ਹੋਇਆਂ ਹੀ ਆ ਸਕਦੀ ਹੈ। ਗੁਰਬਾਣੀ ਬੇਸ਼ੁਮਾਰ ਰਤਨ ਪਦਾਰਥਾਂ ਦਾ ਭੰਡਾਰ ਹੈ ਤੇ ਗੁਰਮੁਖ ਹੰਸਲੇ ਜਨ ਆਪਣੀ ਆਪਣੀ ਆਤਮਕ ਅਵਸਥਾ ਮੁਤਾਬਕ ਇਸ ਚੋਂ ਮੋਤੀ, ਜਵਾਹਰਾਤ, ਹੀਰੇ ਮਾਣਿਕ ਚੁਣ ਚੁਣ ਕੇ ਕਢ ਲੈਂਦੇ ਹਨ। ਜਿਥੇ ਗੁਰਮੁਖ ਜਨਾਂ ਨੇ ਆਪਣੀ ਸ਼ਰਧਾ, ਭੈ-ਭਾਵਨੀ ਸਹਿਤ ਪਾਠ ਕਰ ਕੇ ਤੇ ਉਸ ਦੇ ਭਾਵਾਂ ਨੂੰ ਗੁਰੂ ਕੀ ਬਖ਼ਸ਼ੀ ਬੁਧੀ ਮੁਤਾਬਕ ਵਿਚਾਰਨਾ ਸੀ, ਅੰਤਰ ਆਤਮੇ ਭਾਵਾਂ ਤੋਂ ਪ੍ਰੇਰਨਾ ਲੈਣੀ ਸੀ ਉਥੇ ਹੁਣ ਪਦ ਛੇਦ ਹੋਣ ਕਰਕੇ ਉਹ ਅੰਤਰੀਵੀ ਭਾਵਾਂ ਨੂੰ ਲੈਣ ਤੋਂ ਵਾਂਞਾ ਹੋ ਜਾਏਗਾ ਅਤੇ ਕੇਵਲ ਪਦ ਛੇਦ ਅਨੁਸਾਰ ਲਿਖੇ ਸ਼ਬਦਾਂ ਦੇ ਅਰਥਾਂ ਨੂੰ ਹੀ ਵਿਚਾਰਦਾ ਰਹੇਗਾ ਅਤੇ ਆਪਣੀ ਟੋਹ ਤੋਂ ਰਹਿ ਖਲੋਵੇਗਾ। ਇਸ ਤਰ੍ਹਾਂ ਉਸ ਦੀ ਬੁਧੀ ਦਾ ਦਾਇਰਾ ਸੀਮਤ ਹੋ ਜਾਏਗਾ।

ਇਹੋ ਹੀ ਕਾਰਨ ਹੋ ਸਕਦਾ ਹੈ ਕਿ ਗੁਰੂ ਸਾਹਿ-ਬਾਨ ਨੇ ਜਗਿਆਸੂਆਂ ਦੀ ਬੁਧੀ ਦੇ ਖੇਤਰ ਨੂੰ ਵਿਸ਼ਾਲ ਕਰਨ ਲਈ ਇਸ ਪੁਰਾਤਨ ਪਾਵਨ ਸਰੂਪ ਨੂੰ ਪਦ ਛੇਦ ਨਹੀਂ ਬਣਾਇਆ। ਗੁਰਮੁਖਾਂ ਦਾ ਮਾਨਸਕ ਦਾਇਰਾ ਬਹੁਤ ਵਿਸ਼ਾਲ ਹੈ ਤੇ ਉਹ ਆਪੋ ਆਪਣੀ ਅਵਸਥਾ ਮੁਤਾਬਕ ਇਸ ਵਿਸ਼ਾਲ ਸਮੁੰਦਰ ਚੋਂ ਨਾਮ ਰਸ ਦੇ ਟੁੱਭੇ ਲਾ ਕੇ, ਉਸ ਅਰਸ਼ੀ ਪ੍ਰੀਤਮ ਨੂੰ ਜਾ ਗਲਵਕੜੀਆਂ ਪਾਂਦੇ ਹਨ। ਜਿਵੇਂ ਉਹ ਪ੍ਰਭੂ ਆਪ ਬੇਅੰਤ ਹੈ, ਵਿਸ਼ਾਲ ਹੈ ਤਿਵੇਂ ਹੀ ਇਹ ਗੁਰਬਾਣੀ ਅਥਾਹ ਤੇ ਵਿਸ਼ਾਲ ਹੈ। ਇਸ ਵਿਸ਼ਾਲ ਸਰੂਪ ਨੂੰ ਆਪਣੀ ਨਿਜ ਮਤਿ ਮੁਤਾਬਕ ਪਦਛੇਦ ਕਰਨਾ ਮਾਨੋ ਪਾਠੀ ਜਨਾਂ ਦੀਆਂ ਅਕਲਾਂ ਨੂੰ ਤਾਲਾ ਲਾਉਣਾ ਹੈ।

ਅਜ ਕਲ੍ਹ ਨਵੇਂ ਉਗਮੇ ਹੋਏ ਬੁਧੀ-ਜੀਵੀਏ ਗੁਰਬਾਣੀ ਦੀਆਂ ਨਵੀਆਂ ਨਵੀਆਂ ਖੋਜਾਂ ਕਰ ਰਹੇ ਹਨ ਅਤੇ ਨਿਤ ਨਵੇਂ ਅਕਲੀ ਘੋੜੇ ਦੁੜਾ ਕੇ ਨਵੇਂ ਨਵੇਂ ਸ਼ੋਸ਼ੇ ਛਡਦੇ ਰਹਿੰਦੇ ਹਨ। ਨਾ ਉਨ੍ਹਾਂ ਦਾ ਕੋਈ ਗੁਰਸਿਖੀ ਜੀਵਨ, ਨਾ ਗੁਰਮਤਿ ਰਹਿਤ ਰਹਿਣੀ ਅਤੇ ਨਾ ਹੀ ਗੁਰਮਤਿ ਭੈ-ਭਾਵਨੀ ਹੁੰਦੀ ਹੈ। ਉਨ੍ਹਾਂ ਨੂੰ ਸਿਰਫ ਨਵੀਂ ਖੋਜ ਕਰਨ ਦਾ ਮੇਨੀਆ ਚੰਬੜਿਆ



www.AKJ.Org

ਹੋਇਆ ਹੈ। ਉਹ ਧੁਰੋਂ ਅਵਤਰੀ ਬਾਣੀ ਨੂੰ ਦੁਨੀਆਵੀ ਕਵੀਆਂ ਵਾਲੇ ਬੁਧੀ-ਮੰਡਲ ਦਾ ਸਾਹਿਤ ਹੀ ਸਮਝਦੇ ਹਨ। ਉਨ੍ਹਾਂ ਦੀ ਸੋਚ-ਉਡਾਰੀ ਸੀਮਤ ਬੁਧੀ-ਮੰਡਲ ਦੇ ਦਾਇਰੇ ਤਕ ਹੀ ਮਹਿਦੂਦ ਰਹਿੰਦੀ ਹੈ। ਗੁਰਬਾਣੀ ਨੂੰ ਸਮਝਣ ਦਾ ਗਿਆਨ, ਗਿਆਨ-ਖੰਡ ਦੀ ਅਵਸਥਾ ਵਿਚ ਅਪੜਿਆਂ ਹੀ ਪ੍ਰਚੰਡ ਹੋ ਸਕਦਾ ਹੈ।

ਜੇ ਕਰ ਗਹਿਰਾਈ ਨਾਲ ਸੋਚਿਆ ਜਾਏ ਕਿ ਐਸੀਆਂ ਕਾਢਾਂ ਕਿਉਂ ਵਧਦੀਆਂ ਜਾ ਰਹੀਆਂ ਹਨ, ਵਿਚਾਰਨ ਤੇ ਇਕ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਦਾ ਵਡਾ ਕਾਰਨ ਹੈ ਚੁੰਚ-ਗਿਆਨ। ਬਹੁ-ਸੰਮਤੀ ਚੂੰਕਿ ਸੁਖਾਲੇ ਜੀਵਨ ਦੀ ਆਦੀ ਹੁੰਦੀ ਹੈ, ਇਸ ਲਈ ਅਲੜ੍ਹ ਜਨਤਾ ਇਹੋ ਜਿਹੀਆਂ ਕਾਢਾਂ ਦੀ ਪ੍ਰੋੜ੍ਹਤਾ ਕਰਨ ਲਗ ਪੈਂਦੀ ਹੈ। ਢਿਲੜਾਂ ਦੀ ਸੰਮਤੀ ਹਮੇਸ਼ਾ ਅਧਿਕ ਰਹੀ ਹੈ ਤੇ ਰਹੇਗੀ। ਢਿਲੜ ਸਜਣ ਬਿਖਮ ਮਾਰਗ ਗ੍ਰਹਿਣ ਕਰਨ ਤੋਂ ਕੰਨੀ ਕਤਰਾਂਦੇ ਰਹਿੰਦੇ ਹਨ ਅਤੇ ਸੁਖਾਲੇ-ਪਣ ਦੇ ਹਾਮੀ ਹੁੰਦੇ ਹਨ। ਸਚੇ ਮਾਰਗ ਤੇ ਚਲਣ ਵਾਲੇ ਜਨ ਕੋਈ ਵਿਰਲੇ ਹੀ ਹੁੰਦੇ ਹਨ, ਜਿਵੇਂ ਕਿ ਹੁਕਮ ਆਂਦੇ ਹਨ :—

(੧) ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥ ਜੋ ਮਨਿ ਚਿਤਿ ਇਕੁ ਅਰਾਧਿਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ [ਪੰਨਾ ੩੦੬

(੨) ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥ [ਪੰਨਾ ੫੧੭

(੩) ਇਕੁ ਅਧੁ ਨਾਇ ਰਸੀਅੜਾ ਕਾ ਵਿਰਲਾ ਜਾਇ ਵੁਠੀ ॥੩॥ [ਪੰਨਾ ੨੧੯

(੪) ਕੋਟਨ ਮਹਿ ਨਾਨਕ ਕੋਊ ਨਾਰਾਇਨ ਜਿਹ ਚੀਤਿ ॥੨੪॥ [ਪੰਨਾ ੧੪੨੭

(੫) ਕੋ ਵਿਰਲਾ ਗੁਰਮਤਿ ਚਲੈ ਜੀਉ ॥ [ਪੰਨਾ ੯੪

ਇਹ ਸਭ ਦੇ ਸਾਮ੍ਹਣੇ ਹੈ ਕਿ ਇਸ ਜਾ ਰਹੇ ਜ਼ਮਾਨੇ ਅੰਦਰ ਸਾਡੇ ਆਗੂ, ਸਾਡੇ ਪਰਚਾਰਕ, ਸਾਡੀਆਂ ਵੱਡੀਆਂ ਵੱਡੀਆਂ ਸੰਸਥਾਵਾਂ ਦੇ ਮੈਂਬਰ ਅਤੇ ਪ੍ਰਬੰਧਕ ਕਿਤਨਾ ਕੁ ਅਮਲੀ ਜੀਵਨ ਜੀਉਂਦੇ ਹਨ। ਜੋ ਐਬ ਸਾਡੀ ਆਮ ਲੁਕਾਈ ਨੂੰ ਰੋੜ੍ਹੀ ਜਾ ਰਹੇ ਹਨ ਉਸ ਤੋਂ ਕਿਤੇ ਵਧ ਐਬੀ ਸਾਡੇ ਪ੍ਰਬੰਧਕ ਹਨ। ਕੀ ਕੋਈ ਐਸੀ ਸੰਸਥਾ ਹੈ ਜੋ ਇਹ ਦਾਅਵੇ ਨਾਲ ਕਹਿ ਸਕਦੀ ਹੋਵੇ ਕਿ ਉਸ ਦੇ ਪ੍ਰਬੰਧਕ ਨਿਤਾਪ੍ਰਤਿ ਸਵਾ ਪਹਿਰ ਰਾਤ ਰਹਿੰਦੀ ਉਠ ਕੇ ਸਿਮਰਨ ਕਰਦੇ ਹਨ, ਅਤੇ ਅੰਮ੍ਰਿਤ ਪ੍ਰਾਪਤ ਹੋਣ ਸਮੇਂ ਦੀ ਦ੍ਰਿੜ੍ਹਾਈ, ਬੁਝਾਈ, ਸਮਝਾਈ ਰਹਿਤ ਮਰਯਾਦਾ ਤੇ ਚਲਦੇ ਹਨ ? ਉਤਰ ਸਪੱਸ਼ਟ ਨਾਂਹ ਵਿਚ ਹੀ ਮਿਲੇਗਾ। ਤਾਂ ਤੇ ਨਾਮ ਸਿਮਰਨ ਤੋਂ ਟੁਟੇ ਹੋਏ ਹਿਰਦੇ ਫਿਲਮਾਂ ਦੇ ਪ੍ਰਚਾਰਕ ਹੀ ਬਣਨਗੇ, ਅਮਲੀ ਜੀਵਨ ਨੂੰ ਛੱਡ ਕੇ ਟੈਲੀਵੀਯਨ ਰਾਹੀਂ ਪ੍ਰਚਾਰ ਕਟਨ ਦਾ ਢੰਗ ਹੀ ਅਪਨਾਉਣਗੇ। ਨਾਮ ਦੇ ਧੁਰੇ ਨੂੰ ਤਿਆਗ ਕੇ ਡਰਾਮਿਆਂ ਦੀ ਵਾਹ ਵਾਹ ਵਿਚ ਹੀ ਮਸਤ ਹੋਣਗੇ। ਐਸੀਆਂ ਢਿਲੜਪੁਣੇ ਦੀਆਂ ਕਾਢਾਂ ਤੇ ਸੋਚਾਂ ਨੇ ਸਿਖ ਦੇ ਹਥ ਚੋਂ ਤਿੰਨ ਫੁਟੀ ਕਿਰਪਾਨ ਗ਼ਾਇਬ ਕਰਵਾ ਦਿਤਾ ਹੈ, ਸੀਸ ਤੇ ਕੇਸਕੀ ਕਕਾਰ ਅਲੋਪ ਕਰਵਾ ਦਿਤਾ ਹੈ। ਅੰਮ੍ਰਿਤ ਵੇਲਾ ਘੁਰਾੜੇ ਮਾਰਦਿਆਂ ਹੀ ਲੰਘ ਜਾਂਦਾ ਹੈ। ਅਨੰਦ-ਕਾਰਜਾਂ ਸਮੇਂ ਅੰਮ੍ਰਿਤ ਵੇਲੇ ਹੋਣ ਵਾਲੇ ਲਾਵਾਂ-ਫੇਰੇ ਦੁਪਹਿਰ ਨੂੰ ਕਰਨਾ ਗੁਰਮਤਿ ਗਰਦਾਨਿਆ ਜਾ ਰਿਹਾ ਹੈ। ਮੀਟ, ਸ਼ਰਾਬ, ਰੋਮਾਂ ਦੀ ਬੇ-ਅਦਬੀ ਆਦਿ ਖੁਲ੍ਹਮ ਖੁਲ੍ਹਾ ਵਧਦੀ ਜਾ ਰਹੀ ਹੈ। ਇਹ ਸਭ ਕੁਝ ਢਿਲੜਾਂ ਦੀ ਦੇਣ ਹੈ।

ਜਿਹੜੇ ਸਜਣ ਇਹ ਕਹਿੰਦੇ ਹਨ ਕਿ ਪਦ-ਛੇਦ ਬੀੜ ਤੋਂ ਪਾਠ ਕਰਨਾ ਸੌਖਾ ਹੈ, ਉਨ੍ਹਾਂ ਪ੍ਰਤਿ ਇਹ ਲਿਖਣਾ ਉਚਿਤ ਹੋਏਗਾ ਕਿ ਸਿੱਖੀ ਸ਼ਰਧਾ ਦੀ ਹੈ, ਸਿੱਖੀ ਜਜ਼ਬੇ ਦੀ ਹੈ, ਸਿੱਖੀ ਹੁਕਮ ਦੀ ਹੈ। ਇਥੇ ਇਹ ਸਵਾਲ ਨਹੀਂ ਕਿ ਕੋਈ ਸਿਖੀ ਅਸੂਲ ਔਖਾ ਹੈ ਯਾ ਸੌਖਾ; ਕਿਸੇ ਮਰਯਾਦਾ ਨੂੰ ਸਹਿਜੇ ਹੀ ਨਿਭਾਇਆ ਜਾ ਸਕਦਾ ਹੈ ਜਾਂ ਕਰੜੀ ਘਾਲਣਾ ਕਰ ਕੇ। ਔਖ ਜਾਂ ਸੌਖ ਦਾ ਸਿਖੀ ਵਿਚ ਸਵਾਲ ਨਹੀਂ ਹੈ। ਗੁਰੂ ਸਾਹਿਬਾਂ ਨੇ ਸਪੱਸ਼ਟ ਕਹਿ ਦਿਤਾ ਹੈ :—

ਭਗਤਾ ਕੀ ਚਾਲ ਨਿਰਾਲੀ ॥ ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥ ਲਬੁ ਲੋਭੁ ਅਹੰਕਾਰ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥ ਖੰਨਿਅਹੁ ਤਿਖੀ



www.AKJ.Org

ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ
ਵਾਸਨਾ ਸਮਾਣੀ ॥ ਕਹੈ ਨਾਨਕੁ ਚਾਲ
ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥ (੯੧੮)

ਅਜਿਹੀ ਤਾੜਨਾ ਵਾਲੇ ਅਨੇਕਾਂ ਹੁਕਮਾਂ ਦੇ ਪਾਲਣ ਪਿਛੇ ਕਰੜੀ ਘਾਲ ਕਮਾਈ ਅਤੇ ਗੁਰੂ ਦੀ ਬਖ਼ਸ਼ਸ਼ ਦਾ ਹੱਥ ਹੈ। ਸੋ ਸਿੱਖੀ ਦਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ, ਭਾਵ ਔਖੀ ਹੈ। ਇਸ ਨੂੰ ਔਖੀ ਹੀ ਰਹਿਣ ਦਿਓ। ਸੌਖੀ ਨਾ ਕਰੋ। ਸੌਖੀ ਬਣਾਉਣ ਦੇ ਜਤਨਾਂ ਨਾਲ, ਇਸ ਦੀ ਰੂਪ-ਰੇਖਾ ਵਿਗੜ ਜਾਏਗੀ। ਇਸ ਨੂੰ ਅਲੋਪ ਕਰਨ ਦੇ ਜਤਨ ਨਾ ਕਰੋ। ਭਾਈ ਗੁਰਦਾਸ ਜੀ ਇਸ ਨੂੰ ਇੰਜ ਬਿਆਨ ਕਰਦੇ ਹਨ—

ਗੁਰਸਿਖੀ ਬਾਰੀਕ ਹੈ, ਖੰਡੇਧਾਰ ਗਲੀ ਅਤਿ ਭੀੜੀ ॥

ਇਸ ਦੇ ਲਈ ਭੈ-ਭਾਵਨੀ, ਸਰਧਾ, ਪਿਆਰ, ਸਤਿਕਾਰ ਦੀ ਲੋੜ ਹੈ। ਜਦ ਇਹ ਗੁਣ ਆਉਣਗੇ ਤਾਂ ਇਹੋ ਕਠਨ ਸਿੱਖੀ ਰਸੀਲੀ ਬਣ ਜਾਏਗੀ। ਪਰ ਅਫ਼ਸੋਸ ਕਿ ਅਸੀਂ ਗੁਰਮਤਿ ਨੂੰ ਵੀ ਹਰ ਸੌਖੇ ਢੰਗ ਨਾਲ ਵਿਚਾਰਦੇ ਹਨ। ਸਾਡਾ ਇਹ ਸੌਖਾ-ਪਣ ਆਉਣ ਵਾਲੀਆਂ ਪੀੜ੍ਹੀਆਂ ਲਈ ਹਾਨੀਕਾਰਕ ਸਿਧ ਹੋਏਗਾ। ਕੀ ਸਾਡੇ ਸੌਖੇਪਣ ਨੇ ਸਾਥੋਂ ਅੰਮ੍ਰਿਤ ਵੇਲਾ ਨਹੀਂ ਖੋਹ ਲਿਆ? ਕੀ ਸਾਡੇ ਸੌਖੇਪਣ ਨੇ ਸਾਥੋਂ ਪੰਜ ਬਾਣੀਆਂ ਦਾ ਨਿਤਨੇਮ ਨਹੀਂ ਖੋਹ ਲਿਆ? ਕੀ ਸੌਖੇਪਣ ਦੀ ਆੜ ਨੇ ਦਾੜ੍ਹਾ ਬੰਨ੍ਹ ਕੇ ਰੋਮਾਂ ਦੀ ਬੇ-ਅਦਬੀ ਕਰਨ ਨੂੰ ਜਨਮ ਨਹੀਂ ਦਿਤਾ? ਕੀ ਸਾਡੇ ਸੌਖੇਪਣ ਨੇ ਸਾਨੂੰ ਨਾਮ-ਸਿਮਰਨ ਤੋਂ ਵਾਂਝਿਆਂ ਨਹੀਂ ਕਰ ਦਿਤਾ? ਕੀ ਸਾਡੇ ਸੌਖੇਪਣ ਨੇ ਸਾਥੋਂ ਗਾਤਰੇ ਵਾਲੀ ਕਿਰਪਾਨ ਨੂੰ ਅਲੋਪ ਕਰਨ ਦੀ ਕੋਸ਼ਿਸ ਨਹੀਂ ਕੀਤੀ? ਕੀ ਸਾਡੇ ਸੌਖੇਪਣ ਨੇ ਬੀਬੀਆਂ ਨੂੰ ਪੰਜਵੇਂ ਕਕਾਰ ਕੇਸਕੀ ਤੋਂ ਹੀਣ ਕਰ ਕੇ ਫੈਸ਼ਨਪ੍ਰਸਤੀ ਵਿਚ ਨਹੀਂ ਰੋੜ੍ਹ ਦਿਤਾ? ਇਤ ਸਾਡੇ ਸੌਖੇਪਣ ਨੇ ਸਾਨੂੰ ਪਤਾਲ ਵਿਚ ਲਿਜਾ ਸੁਟਣਾ ਹੈ।

ਨੋਟ:—ਸ਼੍ਰੋਮਣੀ ਕਮੇਟੀ ਨੇ ਆਪਣੇ ਆਪ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਪਦ-ਛੇਦ ਕਰ ਕੇ ਛਾਪਣ ਦਾ ਜੋ ਕੰਮ ਅਰੰਭਿਆ ਹੈ, ਇਹ ਬਜ਼ਾਰੀ ਪ੍ਰਕਾਸ਼ਕਾਂ ਵਲੋਂ ਹੋ ਰਹੇ ਆਪ-ਹੁਦਰੇਪਣ ਦਾ ਭਾਈਵਾਲ ਬਣਨਾ ਹੈ। ਲੋੜ ਇਸ ਗੱਲ ਦੀ ਸੀ ਕਿ ਇਸ ਹੋ ਰਹੇ ਆਪ-ਹੁਦਰੇਪਣ ਤੇ ਸਖ਼ਤੀ ਭਰਿਆ ਕਦਮ ਚੁਕ ਕੇ ਪਾਬੰਦੀ ਲਾਈ ਜਾਂਦੀ ਅਤੇ ਰੋਕ ਥਾਮ ਕੀਤੀ ਜਾਂਦੀ। ਸੋ ਕੋਈ ਸਾਂਝਾ ਪੰਥਕ ਫ਼ਰੰਟ ਕਾਇਮ ਕਰ ਕੇ ਇਸ ਪ੍ਰਥਾਇ ਕੋਈ ਨਿਗਰ ਕਦਮ ਚੁਕੇ ਜਾਣ ਦੀ ਅਤੀ ਲੋੜ ਹੈ। —ਸੰਪਾਦਕ

# ਗੁਰਮਤਿ ਪਰਚਾਰ ਹਿਤ ਭਾ: ਸਾ: ਰਣਧੀਰ ਸਿੰਘ ਜੀ ਲਿਖਤ ਟ੍ਰੈਕਟ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਛੋਟੇ ਵਡੇ ਸਾਰੇ ਟ੍ਰੈਕਟ ਵਾਰੀ ਵਾਰੀ ਛਾਪੇ ਜਾ ਰਹੇ ਹਨ। ਪਿਛਲੇ ਤਿੰਨ ਚਾਰ ਮਹੀਨਿਆਂ ਵਿਚ ਹੇਠ ਲਿਖੇ ਟ੍ਰੈਕਟ ਤੇਤੀ ਤੇਤੀ ਸੌ ਛਾਪੇ ਗਏ ਹਨ, ਜਿਨ੍ਹਾਂ ਵਿਚੋਂ ਪਹਿਲੇ ਤਿੰਨ ਲਗ ਪਗ ਖ਼ਤਮ ਹੋਣ ਵਾਲੇ ਹਨ:—

| | | | |
|---|---|---|---|
| ੧. ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦—੩੫ | ਕੋ ਵਿਰਲਾ ਗੁਰਮਤਿ ਚਲੈ ਜੀਉ | ੦—੨੦ |
| ੨. ਗੁਰਬਾਣੀ ਦੀ ਪਾਰਸ-ਕਲਾ | ੦ ੩੫ | ਸਿੱਖ ਕੌਣ ਹੈ | ੦—੨੦ |
| ੩. ਸਿੰਘਾਂ ਦਾ ਪੰਥ ਨਿਰਾਲਾ | ੦—੨੫ | ਸੱਚੀਆਂ ਦਾੜ੍ਹੀਆਂ | ੦—੨੦ |
| ੪. ਉਮਰ ਕੈਦੀ ਦਾ ਸੁਪਨਾ | ੦—੨੫ | ਅੰਮ੍ਰਿਤ ਕਲਾ | ੦—੪੦ |

ਗੁਰਸਿੱਖਾਂ ਦੇ ਸਹਿਯੋਗ ਨਾਲ ਛੇਤੀ ਹੀ ਸਾਰੇ ਟ੍ਰੈਕਟ ਛਪਵਾ ਕੇ ਸੰਗਤਾਂ ਦੇ ਹੱਥਾਂ ਵਿਚ ਪਹੁੰਚਾ ਦਿਤੇ ਜਾਣਗੇ। ਪਰਚਾਰ ਹੇਠ ਵੰਡਣ ਲਈ ਹੇਠ ਲਿਖੇ ਪਤੇ ਤੋਂ ਮੰਗਵਾਓ ਜੀ।

**'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ**



www.AKJ.Org

# ਕੀ ਝਟਕਾ ਖਾਣ ਵਾਲੇ ਵੀਰ ਉੱਤਰ ਦੇਣਗੇ ?

[ ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3, ਬੰਬਈ–82 ]

ਝਟਕਾ ਖਾਣ ਦੇ ਸ਼ੌਕੀਨ ਸਜਣ ਹਰ ਜਾਇਜ਼ ਨਾਜਾਇਜ਼ ਤਰੀਕੇ ਨਾਲ ਆਪਣੇ ਮਾਸ ਖਾਣ ਦੇ ਝਸ ਨੂੰ ਯੋਗ ਪ੍ਰਮਾਣਿਤ ਕਰਨ ਦੇ ਯਤਨ ਕਰਦੇ ਹਨ। ਇਸ ਲਈ ਪਾਵਨ ਗੁਰੂ ਬਾਣੀ ਦੇ ਅਰਥ ਵੀ ਗਲਤ ਅਤੇ ਆਪਣੀ ਮਤਲਬ-ਸਿਧੀ ਲਈ ਉਲਟੇ ਸਿਧੇ ਕਰਦੇ ਹਨ। ਇਸ ਮਤਲਬ ਲਈ ਗੁਰ ਇਤਿਹਾਸ ਨੂੰ ਵੀ ਤੋੜ ਮੋੜ ਕੇ ਪੇਸ਼ ਕਰਨੋਂ ਵੀ ਸੰਕੋਚ ਨਹੀਂ ਕਰਦੇ ਅਤੇ ਇਸ ਤਰ੍ਹਾਂ ਸਤਿਗੁਰੂ ਸਾਹਿਬਾਨ ਜਹੇ ਸੰਤ ਤੇ ਮਹਾਂ-ਪੁਰਸ਼ ਅਥਵਾ ਸਾਤਵਿਕ ਪੁਰਸ਼ਾਂ ਨੂੰ ਵੀ ਮਾਸ ਖਾਣੇ ਦਸਣੋਂ ਵੀ ਨਹੀਂ ਝਕਦੇ। ਸਿਖ ਧਰਮ ਜਹੇ ਸੰਤ ਮਤ ਦੇ ਧਾਰਨੀ ਪੰਥ ਨੂੰ ਤਾਮਸਿਕ ਭੋਜ ਭਕਸ਼ੀ ਅਤੇ ਰਾਖਸ਼ਸੀ ਭੋਜਨ ਖਾਣੇ ਸਾਬਤ ਕਰਨ ਲਈ ਅੜੀ ਚੋਟੀ ਦਾ ਜ਼ੋਰ ਲਾਉਂਦੇ ਰਹਿੰਦੇ ਹਨ।

ਸਿੱਖ ਧਰਮ ਇਕ ਸਾਤਵਿਕ ਧਰਮ ਹੈ। ਇਹ ਰਿਸ਼ੀਆਂ ਮੁਨੀਆਂ ਤੇ ਸੰਤ ਪੁਰਸ਼ਾਂ ਦੀ ਭਾਵਨਾ ਅਤੇ ਸੰਤ ਬਿਰਤੀ ਵਾਲੇ ਸਤਿ ਪੁਰਸ਼ਾਂ ਦਾ ਧਰਮ ਹੈ। ਇਸ ਵਿਚ ਕੋਈ ਵੀ ਤਾਮਸਿਕ ਅਥਵਾ ਸੰਤ ਬ੍ਰਿਤੀ ਵਿਰੋਧੀ ਵਸਤੂ, ਸਾਧੂ ਭਾਵਨਾ ਵਿਪ੍ਰੀਤ ਵਿਚਾਰ ਅਥਵਾ ਯਵਨ ਵਿਹਾਰ ਲਈ ਬਿਲਕੁਲ ਕੋਈ ਅਸਥਾਨ ਨਹੀਂ ਹੈ।

ਪਰ ਇਸ ਸਭ ਕੁਝ ਦੇ ਬਾਵਜੂਦ ਤਾਮਸਿਕ ਵਸਤੂ ਝਟਕਾ ਖਾਣ ਦੇ ਹਠੀ ਵੀਰ, ਜਿਹੜੇ ਇਸ ਨੂੰ ਹਰ ਹਾਲ ਯੋਗ ਤੇ ਸਿਖ ਧਰਮ ਅਨਕੂਲ ਸਾਬਤ ਕਰਨ ਦਾ ਹਠ ਨਹੀਂ ਛਡਦੇ, ਕੀ ਓਹ ਕਿਰਪਾ ਕਰਕੇ ਹੇਠ ਲਿਖੇ ਕੁਝ ਪ੍ਰਸ਼ਨਾਂ ਦਾ ਉਤਰ ਦੇਣਗੇ ?

੧. ਝਟਕਾ ਤੇ ਹਲਾਲੀ ਮਾਸ ਵਿਚ ਕੀ ਫ਼ਰਕ ਹੈ ? ਕੀ ਝਟਕਾ ਕਰਨ ਨਾਲ ਮਾਸ ਦਾ ਸੁਆਦ, ਰੰਗ, ਉਸ ਦੀ ਤਾਸੀਰ, ਉਸ ਦਾ ਅਸਰ ਅਥਵਾ ਰੂਪ ਹਲਾਲੀ ਮਾਸ ਨਾਲੋਂ ਕੁਝ ਬਦਲ ਜਾਂਦਾ ਹੈ ?

੨. ਝਟਕੇ ਤੇ ਹਲਾਲ ਦੇ ਮਾਸਾਂ ਦੀ ਕੀ ਕੁਝ ਅਡ ਅਡ ਪਛਾਣ ਹੈ ? ਕੀ ਹਲਾਲ ਕੀਤੇ ਮਾਸ ਅਥਵਾ ਝਟਕਾ ਕੀਤੇ ਮਾਸ ਦੀ ਅਡ ਅਡ ਢੇਰੀਆਂ ਚੋਂ ਝਟਕੇ ਤੇ ਹਲਾਲੀ ਵਾਲੀਆਂ ਢੇਰੀਆਂ ਪਛਾਣੀਆਂ ਜਾ ਸਕਦੀਆਂ ਹਨ ?

੩. ਕੀ ਚੜ੍ਹੇ ਹੋਏ ਜਾਂ ਕਚੇ ਰਲੇ ਮਿਲੇ ਝਟਕੇ ਤੇ ਹਲਾਲੀ ਮਾਸ ਚੋਂ ਇਹ ਦੋਵੇਂ ਨਿਖੇੜੇ ਜਾ ਸਕਦੇ ਹਨ ?

੪. ਅੰਡੇ ਜਿਹੜੇ ਓਹ ਖਾਂਦੇ ਹਨ, ਕੀ ਝਟਕਾ ਹੈ ?

੫. ਝਟਕਾ ਅਤੇ ਹਲਾਲੀ ਮਾਸ ਵਿਚ ਝਟਕਾ ਖਾਣ ਵਾਲੇ ਇਹ ਫ਼ਰਕ ਦਸਦੇ ਹਨ ਕਿ ਝਟਕਾ ਇਕੋ ਵਾਰ ਨਾਲ ਮਾਰੇ ਪਸ਼ੂ ਦੇ ਮਾਸ ਨੂੰ ਕਹਿੰਦੇ ਹਨ ਅਤੇ ਹਲਾਲੀ ਉਸ ਮਾਸ ਨੂੰ ਕਹਿੰਦੇ ਹਨ ਜਿਹੜਾ ਸ਼ਾਹ ਰਗ ਕਟ ਕੇ ਜਾਨਵਰ ਨੂੰ ਤੜਫਾ ਤੜਫਾ ਕੇ ਮਾਰਿਆ ਜਾਂਦਾ ਹੈ। ਤਾਂ ਕੀ ਸੂਅਰ ਦਾ ਮਾਸ ਜਿਹੜਾ ਉਹ ਖਾਂਦੇ ਹਨ, ਉਹ ਝਟਕਾ ਹੁੰਦਾ ਹੈ ? ਕੀ ਸੂਅਰ ਨੂੰ ਹਲਾਲੀ ਬਕਰੇ ਨਾਲੋਂ ਵੀ ਵਧ ਕੇ ਬੇਰਹਿਮੀ ਤੇ ਬੇ-ਤਰਸੀ ਨਾਲ ਨਹੀਂ ਮਾਰਿਆ ਜਾਂਦਾ ? ਫਿਰ ਇਕ ਵਾਰ ਨਾਲ ਬਿਨਾਂ ਤਕਲੀਫ ਦੇ ਕੇ ਮਾਰੇ ਜਾਨਵਰ ਦਾ ਮਾਸ ਖਾਣ ਵਾਲਿਆਂ ਲਈ ਸੂਅਰ ਖਾਣਾ ਕਿਵੇਂ ਜਾਇਜ਼ ਹੈ ?

੬. ਅਖ਼ਬਾਰਾਂ ਪੜ੍ਹਨ ਵਾਲਿਆਂ ਨੇ ਇਹ ਖ਼ਬਰ ਪੜ੍ਹੀ ਹੋਣੀ ਹੈ ਕਿ ਹੁਣੇ ਜਿਹੇ ਸ੍ਰੀ ਅੰਮ੍ਰਿਤਸਰ ਵਿਖੇ ਕੁਝ ਬੁਚੜਾਂ ਦਾ ਪੁਲਿਸ ਨੇ ਸਿਰ ਮੂੰਹ ਮੁੰਨ ਕੇ, ਮੂੰਹ ਕਾਲੇ ਕਰ ਕੇ, ਬਜ਼ਾਰਾਂ ਵਿਚ ਉਨ੍ਹਾਂ ਦਾ ਜਲੂਸ ਫੇਰਿਆ। ਉਨ੍ਹਾਂ ਤੇ ਦੋਸ਼ ਇਹ ਸੀ ਕਿ ਉਹ ਗਊਆਂ ਮਾਰ ਕੇ ਉਨ੍ਹਾਂ ਦਾ ਮਾਸ ਵਡੇ ਵਡੇ ਹੋਟਲਾਂ ਨੂੰ ਸਪਲਾਈ ਕਰਦੇ ਰਹੇ ਹਨ। ਪਤਾ ਨਹੀਂ ਇਹ ਧੰਦਾ ਕਿੰਨੇ ਚਿਰ ਤੋਂ ਜਾਰੀ ਸੀ ਅਤੇ ਕਿੰਨੀਆਂ ਕੁ ਗਊਆਂ ਦਾ ਮਾਸ ਲੋਕਾਂ ਨੂੰ ਖੁਆਇਆ। ਕੀ ਇਹ ਬੁਚੜ ਗਊਆਂ ਦਾ ਝਟਕਾ ਕਰ ਕੇ ਲੋਕਾਂ ਨੂੰ ਖੁਆਉਂਦੇ ਸਨ ?

੭. ਸਾਡੇ ਮਾਸ ਖਾਣੇ ਵੀਰ ਕਿਧਰੇ ਪ੍ਰਸ਼ਾਦ ਛਕਣ ਦੀ



www.AKJ.Org

ਤਿਆਰੀ ਵਿਚ ਹੋਣ। ਭੋਜਨ ਪ੍ਰੋਸ ਦਿਤਾ ਜਾਏ, ਪਰ ਉਸ ਵਿਚ ਕਿਧਰੋਂ ਬੱਕਰਾ ਜਾਂ ਕੁੱਕੜ ਆ ਕੇ ਕਿਧਰੇ ਮੂੰਹ ਮਾਰ ਜਾਏ ਤਾਂ ਕੀ ਸਾਡੇ ਉਹ ਕੁੱਕੜ ਅਤੇ ਬਕਰੇ-ਖਾਣੇ ਵੀਰ ਉਸ ਭੋਜਨ ਨੂੰ ਖਾ ਲੈਣਗੇ ? ਸਾਡਾ ਖਿਆਲ ਹੈ ਕਿ ਉਹ ਉਸ ਭੋਜਨ ਨੂੰ ਨਹੀਂ ਖਾਣਗੇ, ਕਿਉਂ ਜੁ ਕੁੱਕੜ, ਬਕਰੇ ਜਾਂ ਸੂਰ ਦੇ ਮੂੰਹ ਮਾਰਨ ਨਾਲ ਉਹ ਜੂਠਾ ਹੋ ਗਿਆ ਆਖਣਗੇ। ਜਿਸ ਬਕਰੇ, ਸੂਰ ਜਾਂ ਕੁੱਕੜ ਦੇ ਮੂੰਹ ਮਾਰਿਆਂ ਭੋਜਨ ਜੂਠਾ ਹੋ ਜਾਂਦਾ ਹੈ, ਖਾਣ ਯੋਗ ਨਹੀਂ ਰਹਿੰਦਾ, ਉਹ ਬਕਰਾ, ਕੁੱਕੜ ਅਥਵਾ ਸੂਰ ਕਿਵੇਂ ਖਾਣ ਯੋਗ ਹੋ ਜਾਂਦਾ ਹੈ ?

੮. ਮਾਸ ਖਾਣ ਵਾਲੇ ਪ੍ਰਚਾਰ ਵੇਲੇ ਰਹਿਤ ਦਸਦੇ ਹੋਏ ਆਮ ਤੋਰ ਤੇ ਦਸਦੇ ਹਨ ਝਟਕਾ ਖਾਣਾ ਹੈ ਤੇ "ਕੁਠਾ" ਨਹੀਂ ਖਾਣਾ। ਉਹਨਾਂ ਵਲੋਂ ਰਹਿਤ ਵਿਚ ਕਿਸ ਜੀਵ ਦਾ ਝਟਕਾ ਉਹਨਾਂ ਲਈ ਖਾਣਾ ਯੋਗ ਹੈ, ਨਹੀਂ ਦਸਿਆ ਜਾਂਦਾ। ਤਾਂ ਕੀ ਉਹ ਕੋਈ ਵੀ ਪਸ਼ੂ ਝਟਕਾ ਕੀਤਾ ਹੋਇਆ ਖਾ ਲੈਣਗੇ ?

੯. ਇਕੋ ਵਾਰ ਨਾਲ ਮਾਰੇ ਜੀਵ ਨੂੰ ਝਟਕਾ ਕਿਹਾ ਜਾਂਦਾ ਹੈ ਅਤੇ ਝਟਕਾ ਖਾਣ ਵਾਲਿਆਂ ਲਈ ਤੜਫ ਤੜਫ ਕੇ ਮੋਏ ਹੋਏ ਜੀਵ ਦਾ ਮਾਸ ਖਾਣਾ ਉਚਿਤ ਨਹੀਂ। ਫਿਰ ਮੱਛੀ ਖਾਣੀ ਉਹਨਾਂ ਲਈ ਕਿਵੇਂ ਉਚਿਤ ਹੈ ? ਕੀ ਮੱਛੀ ਵੀ ਹਲਾਲ ਕੀਤੇ ਜੀਵ ਵਾਂਗੂ ਤੜਫ ਤੜਫ ਕੇ ਨਹੀਂ ਮਰਦੀ ?

੧੦. ਜੇ ਕਿਧਰੇ ਗੋਲੀ ਜਾਂ ਗੁਲੇਲੇ ਨਾਲ ਕਿਸੇ ਪੰਛੀ ਜਾਂ ਜੀਵ ਨੂੰ ਮਾਰਿਆ ਜਾਏ, ਅਤੇ ਨਿਸ਼ਾਨਾ ਠੀਕ ਟਿਕਾਣੇ ਤੇ ਨਾ ਲਗਣ ਕਰਕੇ ਉਹ ਜਾਨਵਰ ਜਾਂ ਪੰਛੀ ਥਾਂ ਉਤੇ ਨਾ ਮਰੇ ਅਤੇ ਕੁਝ ਦੁਰੇਡੇ ਜਾ ਕੇ ਡਿਗ ਪਵੇ ਅਤੇ ਤੜਫ ਤੜਫ ਕੇ ਮਰ ਜਾਏ ਤਾਂ ਕੀ ਉਹ ਵੀ ਝਟਕਾ ਹੈ ਜਾਂ ਉਹਨਾਂ ਸਜਣਾਂ ਦੇ ਖਾਣ ਯੋਗ ਹੈ ?

੧੧. ਕੋਈ ਮਾਸਾਹਾਰੀ ਸਜਣ ਕਈ ਡੰਗਾਂ ਦਾ ਭੁੱਖਾ ਹੋਵੇ। ਕਈ ਡੰਗ ਭੁੱਖੇ ਰਹਿਣ ਪਿਛੋਂ ਉਸ ਨੂੰ ਕਿਸੇ ਥਾਂ ਤੇ ਮਾਸ ਰਿਝ ਰਿਹਾ ਅਤੇ ਨਾਲ ਫ਼ਰੂਟ ਆਦਿ ਪਿਆ ਮਿਲ ਜਾਏ। ਤਾਂ ਉਸ ਸਜਣ ਦੀ ਰੁਚੀ ਕੁਦਰਤੀ ਤੌਰ ਤੇ ਉਹ ਮਾਸ ਖਾਣ ਦੀ ਹੋਵੇਗੀ ਜਾਂ ਫ਼ਰੂਟ ਖਾਣ ਦੀ ? ਸਾਡਾ ਵਿਸ਼ਵਾਸ ਹੈ ਕਿ ਉਸ ਦੀ ਪਹਿਲੀ ਤੇ ਫ਼ੌਰੀ ਚੋਣ ਫਲ ਫ਼ਰੂਟ ਖਾਣ ਦੀ ਹੀ ਹੋਵੇਗੀ, ਮਾਸ ਖਾਣ ਦੀ ਨਹੀਂ।

੧੨. ਇਕ ਕੁੱਤਾ ਇਸੇ ਤਰ੍ਹਾਂ ਕਈ ਡੰਗਾਂ ਦਾ ਭੁੱਖਾ ਹੋਵੇ ਤੇ ਉਸਨੂੰ ਵੀ ਇਸੇ ਤਰ੍ਹਾਂ ਮਾਸ ਤੇ ਫਲ ਫ਼ਰੂਟ ਮਿਲ ਜਾਣ ਤਾਂ ਉਸ ਦੀ ਫ਼ੌਰੀ ਰੁਚੀ ਮਾਸ ਖਾਣ ਦੀ ਹੀ ਹੋਵੇਗੀ, ਭਾਵੇਂ ਉਹ ਗੰਦਾ ਅਥਵਾ ਦੋ ਤਿੰਨ ਦਿਨਾਂ ਦਾ ਬਾਸੀ ਹੀ ਕਿਉਂ ਨ ਹੋਵੇ। ਉਸ ਦੀ ਰੁਚੀ ਫ਼ਲ ਫ਼ਰੂਟ ਵਲ ਨਹੀਂ ਹੋਵੇਗੀ। ਕੀ ਇਹ ਠੀਕ ਨਹੀਂ ?

੧੩. ਜੀਭ-ਸੁਆਦ ਲਈ ਕੁਹੇ ਜਾ ਰਹੇ ਪਸ਼ੂ ਪੰਛੀਆਂ ਵਿਚ ਵੀ ਕੀ ਮਾਸ ਖਾਣ ਵਾਲੇ ਸੁਆਦੂਆਂ ਵਰਗੇ ਹੀ ਜਾਨ ਪ੍ਰਾਣ ਨਹੀਂ ਹੁੰਦੇ ? ਕੀ ਉਹਨਾਂ ਨੂੰ ਵੀ ਆਪਣੀ ਜਾਨ ਮਾਸ-ਖਾਣਿਆਂ ਵਾਂਗੂ ਹੀ ਪਿਆਰੀ ਨਹੀਂ ਹੁੰਦੀ ?

੧੪. ਕੀ ਦਰਿਆਵਾਂ ਅਤੇ ਛੰਭਾਂ ਉਤੇ ਜਾ ਕੇ ਮੁਰਗ਼ਾ-ਬੀਆਂ ਤੇ ਕੂੰਜਾਂ ਆਦਿ ਅਤੇ ਖੇਤਾਂ ਆਦਿ ਵਿਚੋਂ ਤਿਤਰ ਬਟੇਰੇ ਸੈਲਾਨੀ ਪੰਛੀਆਂ ਦਾ ਸ਼ਿਕਾਰ ਉਸੇ ਤਰ੍ਹਾਂ ਨਹੀਂ ਜਿਸ ਤਰ੍ਹਾਂ ਕੋਈ ਮਨੁੱਖ, ਆਪਣੇ ਬਾਲ ਬੱਚੇ ਪਿਛੇ ਛਡ ਕੇ ਪਰਦੇਸ ਵਿਚ ਉਹਨਾਂ ਲਈ ਰੋਜ਼ੀ ਰਿਜ਼ਕ ਕਮਾਣ ਗਿਆ ਓਥੇ ਕਿਸੇ ਦੁਸ਼ਟ ਦੀ ਗੋਲੀ ਨਾਲ ਮਾਰ ਦਿਤਾ ਜਾਏ ਤੇ ਉਸਦਾਂ ਪ੍ਰਵਾਰ ਬੱਚੇ ਦੇਸ ਵਿਚ ਉਸ ਦੀ ਇੰਤ-ਜ਼ਾਰ ਕਰ ਰਹੇ ਹੋਣ ? ਕੀ ਉਪ੍ਰੋਕਤ ਪੰਛੀਆਂ ਦੇ ਬੱਚ ਪਿਛੇ ਉਸੇ ਤਰ੍ਹਾਂ ਹੀ ਉਹਦੀ ਉਡੀਕ ਨਹੀਂ ਕਰ ਰਹੇ ਹੁੰਦੇ ?

੧੫. ਕੀ ਕੁਕੜੀ ਕੋਲੋਂ ਵਪਾਰ ਜਾਂ ਜੀਭ-ਸੁਆਦ ਲਈ ਅੰਡੇ ਖੋਹ ਲੈਣਾ ਇਸ ਤਰ੍ਹਾਂ ਨਹੀਂ ਜਿਸ ਤਰ੍ਹਾਂ ਕਿਸੇ ਗਰਭ-ਵਤੀ ਉਤੇ ਜ਼ੋਰ ਜ਼ੁਲਮ ਕਰ ਕੇ ਉਸ ਦਾ ਗਰਭ ਪਾਤ ਕਰ ਦਿਤਾ ਜਾਏ ?

੧੬. ਝਟਕਾ ਖਾਣ ਵਾਲਿਆਂ ਦੇ ਵਿਧਾਨ ਵਿਚ ਝਟਕੇ



www.AKJ.Org

ਦੀ ਇਕ ਖ਼ਾਸ ਵਿਧੀ ਹੈ। ਉਹ ਹੈ ਕਿਸੇ ਬਾਣੀ ਜਾਂ ਮੂਲ ਮੰਤ੍ਰ ਦਾ ਪਾਠ ਕਰ ਕੇ, ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਕੇ, ਪਸ਼ੂ ਉਤੇ ਭਰਵਾਂ ਵਾਰ ਕਰ ਕੇ, ਉਸ ਦਾ ਗਲਾ ਵਖ ਕਰ ਦੇਣਾ। ਪਰ ਅਜ ਝਟਕਾ ਖਾਣ ਵਾਲੇ ੯੯.੯੯ ਫ਼ੀ ਸਦੀ, ਜਿਹੜੇ ਬਜ਼ਾਰੋਂ ਹੀ ਖ਼ਰੀਦ ਕੇ ਲੈ ਜਾ ਕੇ ਖਾਂਦੇ ਹਨ, ਕੀ ਉਹ ਉਪ੍ਰੋਕਤ ਵਿਧੀ ਅਨੁਸਾਰ ਹੀ ਝਟਕਾ ਕ੍ਰੀਤਾ ਜਾਂਦਾ ਹੈ ?

੧੭. ਜੇ ਝਕਕਾ ਤੇ ਹਲਾਲ ਨਿਖੇੜਿਆ ਨਹੀਂ ਜਾ ਸਕਦਾ ਤਾਂ ਬਜ਼ਾਰੋਂ ਮੰਗਵਾਏ ਮਾਸ ਬਾਰੇ ਉਹਨਾਂ ਪਾਸ ਕੀ ਗ੍ਰੰਟੀ ਹੈ ਕਿ ਉਹ ਝਟਕਾ ਹੀ ਹੈ ? ਕੀ ਝਟਕਾ ਵੇਚਣ ਵਾਲੇ ਕਈ ਵੇਰ ਹਲਾਲੀ ਮਾਸ ਕਸਾਈਆਂ ਤੋਂ ਲੈ ਕੇ ਨਹੀਂ ਵੇਚਦੇ ? ਇਹੋ ਜਿਹੇ ਕਈ ਕੇਸ ਫੜੇ ਗਏ ਹਨ।

੧੮. ਜੇ ਸਾਡੇ ਮਾਸ ਖਾਣ ਵਾਲੇ ਵੀਰ ਪਾਵਨ ਗੁਰ-ਬਾਣੀ ਦੇ ਫ਼ੈਸਲੇ ਨੂੰ ਅਟੱਲ ਫ਼ੈਸਲਾ ਮੰਨਦੇ ਹਨ ਤਾਂ ਉਹ ਇਨਕਾਰ ਨਹੀਂ ਕਰ ਸਕਦੇ ਕਿ ਮਨੁੱਖ ਇਸ ਜੀਵਨ ਵਿਚ :—

ਜੈਸਾ ਕਰੇ ਸੁ ਤੈਸਾ ਪਾਏ ॥੭॥
[ਗੋਂਡ ਮਹਲਾ ੫,੮੭੦

ਆਪਿ ਬੀਜਿ ਆਪੇ ਹੀ ਖਾਂਹਿ ॥
[ਬਸੰਤ ਮ: ੫, ੧੧੯੨

ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ॥੩੨॥
[ਵਾਰ ਮਹਲਾ ੪, ੩੧੭

ਜੈਸਾ ਬੀਜੈ ਤੈਸਾ ਖਾਵੈ ॥੫॥੨॥
[ਆਸਾ ਮਹਲਾ ੪, ੩੬੬

ਜਿਹਾ ਬੀਓ ਤਿਹਾ ਫਲ ਪਾਹਿ ॥
[ਭਾ: ਗੁਰਦਾਸ ਜੀ ੧੬,੧

ਜੇ ਸਾਡੇ ਮਾਸ ਖਾਣ ਵਾਲੇ ਵੀਰ ਗੁਰਮਤਿ ਦੀ ਇਸ ਉਪ੍ਰੋਕਤ ਫ਼ਿਲਾਸਫ਼ੀ ਨਾਲ ਸਹਿਮਤ ਹਨ ਤਾਂ ਕੀ ਓਹ ਜਿਹੜੇ ਇਸ ਜੀਵਨ ਵਿਚ ਕਿਸੇ ਜੀਵ ਦਾ ਮਾਸ ਵਢ ਵਢ ਕੇ, ਤਲ ਭੁੰਨ ਅਥਵਾ ਰਾੜ੍ਹਾ ਲਾ ਲਾ ਖਾਂਦੇ ਹਨ, ਕੀ ਅਗੇ ਜਾ ਕੇ ਉਹਨਾਂ ਦੇ ਮਾਸ ਨੂੰ ਵੀ ਇਸੇ ਤਰ੍ਹਾਂ ਹੀ ਰੋਸਟ ਨਹੀਂ ਕੀਤਾ ਜਾਏਗਾ, ਇਸੇ ਤਰ੍ਹਾਂ ਉਹਨਾਂ ਦੇ ਮਾਸ ਨੂੰ ਵੀ ਵਢ ਟੁਕ ਕੇ ਰਾੜ੍ਹਾਂ ਨਹੀਂ ਲਗਣਗੀਆਂ ?

੧੯. ਕੀ ਪ੍ਰਭੂ ਜੀ ਦੀ ਓਹੋ ਇਕੋ ਜੋਤਿ ਜਿਹੜੀ ਕੀੜੀ ਤੋਂ ਲੈ ਕੇ ਹਾਥੀ ਤੀਕ ਦੇ ਅੰਦਰ ਮੌਜੂਦ ਹੈ, ਓਹੋ ਹੀ ਜੋਤਿ ਜੀਭ-ਸੁਆਦ ਲਈ ਬੇ-ਜ਼ਬਾਨ ਤੇ ਨਿਰਬਲ ਪਸ਼ੂ ਪੰਛੀਆਂ ਦੀ ਹਤਿਆ ਕਰਨ ਵਾਲਿਆਂ ਦੇ ਆਪਣੇ ਅੰਦਰ ਮੌਜੂਦ ਨਹੀਂ ਅਤੇ ਕੀ ਓਹੋ ਹੀ ਜੋਤਿ ਉਨ੍ਹਾਂ ਬੇ-ਗੁਨਾਹ ਪਸ਼ੂ ਪੰਛੀਆਂ ਵਿਚ ਵੀ ਮੌਜੂਦ ਨਹੀਂ ਹੈ ? ਕੀ ਹਰ ਮਨੁਖ, ਹਰ ਜੀਵ, ਹਰ ਜੰਤ ਵਿਚ :—

ਏਕੋ ਪਵਣੁ ਮਾਟੀ ਸਭ ਏਕਾ, ਸਭ ਏਕਾ ਜੋਤਿ ਸਬਾਈਆ ॥ [ਮਾਝ ਮ: ੪, ੯੬

ਨਹੀਂ ਹੈ ?

੨੦. ਕੀ ਕਦੇ ਮਾਸ ਖਾਣ ਵਾਲੇ ਵੀਰਾਂ ਨੇ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਪਾਵਨ ਉਪਦੇਸ਼ ਨੂੰ ਕਦੇ ਵਿਚਾਰਿਆ ਹੈ ?—

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤ ਜਾਂਹਿ ॥੨੩੩॥
[ਸਲੋਕ ਕਬੀਰ ਜੀ, ੧੩੭੭

੨੧. ਕੀ ਝਟਕਾ ਖਾਣ ਦੇ ਸ਼ੌਕੀਨ ਵੀਰਾਂ ਨੇ ਪੰਚਮ ਪਾਤਿਸ਼ਾਹ ਦੀ ਇਸ ਚਿਤਾਉਣੀ ਵਲ ਵੀ ਕਦੇ ਧਿਆਨ ਦਿਤਾ ਹੈ :—

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥ [ਤਿਲੰਗ ਮ: ੫, ਪੰਨਾ ੭੨੩

(ਖ਼ੂੰਖ਼ਾਰ ਜ਼ਾਲਮ ਹੈਵਾਨਾਂ ਵਾਂਗੂ ਜੀਵਾਂ ਨੂੰ ਮਾਰ ਮਾਰ ਕੇ ਖਾਣ ਲਈ ਪ੍ਰਾਪਤ ਕੀਤੇ ਮਾਸ ਤੋਂ ਵਧ ਹੋਰ ਹਰਾਮ ਵਸਤੂ ਕਿਹੜੀ ਹੈ)

੨੨. ਮਾਸ ਖਾਣ ਦਾ ਸੁਆਦ ਪੂਰਾ ਕਰਨ ਲਈ ਰੱਬ ਦੇ ਬੇਗੁਨਾਹ ਤੇ ਬੇਜ਼ੁਬਾਨ ਜੀਵਾਂ ਦੇ ਗਲਿਆਂ ਉਤੇ ਛੁਰੀ ਫੇਰਨ ਵਾਲੇ ਅਥਵਾ ਦੂਜਿਆਂ ਤੋਂ ਇਹ ਕਰਮ ਕਰਵਾਉਣ ਵਾਲੇ ਝਟਕਾ ਖਾਣ ਦੇ ਸੁਆਦੂ ਵੀਰਾਂ ਨੇ ਦਸਮ ਪਾਤਿਸ਼ਾਹ ਵਲੋਂ ਕੀਤੀ ਇਸ ਤਾਕੀਦ ਵਲ ਵੀ ਕਦੇ ਧਿਆਨ ਦਿਤਾ ਹੈ:—



www.AKJ.Org

ਮਜ਼ਨ ਤੇਗ਼ੇ ਬਰ ਖ਼ੂਨ ਕਸ ਬੇਦਰੇਗ।
ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ਼ ਤੇਗ।
[ਜ਼ਫਰਨਾਮਾ

(ਕਿਸੇ ਦੇ ਗਲੇ ਉਤੇ ਬੇਦਰੇਗ ਛੁਰੀ ਨਾ ਚਲਾ ਕਿ ਤੇਰੇ ਆਪਣੇ ਗਲੇ ਉਤੇ ਕਿਸੇ ਦਿਨ ਕੁਦਰਤ ਦੀ ਗ਼ੈਬੀ ਛੁਰੀ ਫਿਰਨ ਵਾਲੀ ਹੈ)

੨੩. ਦੀਨਾਂ ਤੇ ਦੁਖੀਆਂ ਦੇ ਦਰਦੀ ਬਾਬੇ ਨਾਨਕ ਨੇ ਸੈਦਪੁਰ ਦੇ ਨਿਹਥੇ, ਨਿਤਾਣੇ, ਬੇਗੁਨਾਹ ਤੇ ਨਿਰਬਲ ਲੋਕਾਂ ਉਤੇ ਬਾਬਰ-ਵਾਣੀ ਦੇ ਜ਼ੁਲਮ ਵੇਖ ਕੇ ਜੋ ਬਚਨ ਆਖੇ ਸਨ ਉਹ ਬਚਨ ਅਜ ਵੀ ਜਦੋਂ ਕੋਈ ਕਿਸੇ ਨਿਰਬਲ ਜੀਵ ਕੁਕੜ ਆਦਿ ਦੇ ਖੰਭ ਪੈਰਾਂ ਹੇਠਾਂ ਦੇ ਕੇ, ਅਥਵਾ ਕਿਸੇ ਬੇਗੁਨਾਹ ਬਕਰੇ ਦੇ ਪੈਰ ਗਿਟੇ ਬੰਨ੍ਹ ਕੇ, ਛੁਰਾ ਲੈ ਕੇ ਉਸਨੂੰ ਵਢਣ ਲਗਦਾ ਹੈ ਤਾਂ ਇਹਨਾਂ ਨਿਰ-ਬਲ, ਮਜਬੂਰ, ਨਿਤਾਣੇ ਜੀਵਾਂ ਦੀ ਹਾਲਤ ਵੇਖ ਕੇ ਕੀ ਅਜ ਵੀ ਗੁਰੂ ਸਾਹਿਬ ਜੀ ਦੇ ਉਹ ਸ਼ਬਦ ਨਹੀਂ ਸੁਣਾਈ ਦੇਂਦੇ ?—

ਜੇ ਸਕਤਾ ਸਕਤੇ ਕਉ ਮਾਰੇ, ਤਾ ਮਨਿ ਰੋਸੁ ਨ ਹੋਈ ॥੧॥ ਸਕਤਾ ਸੀਹੁ ਮਾਰੇ ਪੈ ਵਗੈ, ਖਸਮੈ ਸਾ ਪੁਰਸਾਈ ॥ [ਆਸਾ ਮ: ੧, ੩੬੦

ਅੰਤ ਵਿਚ ਸਤਿਗੁਰੂ ਨਾਨਕ ਪਾਤਿਸ਼ਾਹ ਦੇ ਦੋ ਗੁਰ-ਵਾਕ ਦਿਤੇ ਜਾਂਦੇ ਹਨ, ਜਿਹੜੇ ਅਸੀਂ ਸਮਝਦੇ ਹਾਂ ਕਿ ਉਨ੍ਹਾਂ ਨੇ ਉਹਨਾਂ ਲੋਕਾਂ ਨੂੰ ਹੀ ਵੇਖ ਕੇ ਉਚਾਰਨ ਕੀਤੇ ਸਨ ਜਿਨ੍ਹਾਂ ਨੇ ਸਾਤਵਿਕ ਅਤੇ ਮਨੁਖੀ ਭੋਜਨ ਤਿਆਗ ਕੇ ਅਖਾਜ ਅਤੇ ਅਭਖ ਵਸਤੂਆਂ ਖਾਣੀਆਂ ਅਰੰਭ ਕਰ ਦਿਤੀਆਂ ਹਨ :—

ਕਲਿ ਹੋਈ, ਕੁਤੇ ਮੁਹੀ, ਖਾਜੁ ਹੋਆ ਮੁਰਦਾਰ ॥ ਕੂੜਿ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥
[ਸਾਰੰਗ ਵਾਰ, ੧੨੪੨

ਰੰਨਾ ਹੋਈਆਂ ਬੋਧੀਆਂ,ਪੁਰਸ ਹੋਏ ਸਈਆਦ॥ ਸੀਲੁ, ਸੰਜਮੁ, ਸੁਚਿ ਭੰਨੀ, ਖਾਣਾ ਖਾਜੁ ਅਖਾਜੁ ॥ [ਸਾਰੰਗ ਵਾਰ, ੧੨੪੩

ਕੀ ਇਹ ਗੁਰ ਵਾਕ ਮਨੁਖੀ ਭੋਜਨ ਛਡ ਕੇ, ਮਾਸ ਜਹੇ ਅਖਾਜ ਤੇ ਮੁਰਦਾਰ ਵਸਤੂਆਂ ਖਾਣ ਵਾਲਿਆਂ ਲਈ ਹੀ ਸਤਿਗੁਰੂ ਜੀ ਨੇ ਉਚਾਰਨ ਨਹੀਂ ਕੀਤੇ ?

---

## ਜੀਵ ਈਸ਼ ਦਾ ਵਿਛੋੜਾ

[ਵਲੋਂ—ਸ: ਦੇਵਾ ਸਿੰਘ ਜੀ ਕਿਰਤੀ]

ਉਡ ਫੁਹਾਰੇ ਵਿਚੋਂ ਪਾਣੀ ਕਿਡਾ ਜ਼ੋਰ ਲਗਾਇਆ,
ਬਦਲਾਂ ਤੀਕ ਪੁਜ ਨ ਸਕਿਆ, ਸਿਰ ਪਰਨੇ ਹੋ ਆਇਆ।
ਪੌਣ ਵਾਉ ਨੇ ਤਰਸ ਕਰ ਕੇ ਉਸ ਨੂੰ ਉਤਾਂਹ ਉਡਾਇਆ,
ਵਿਛੜਿਆ ਸੀ ਬਦਲਾਂ ਕੋਲੋਂ, ਉਥੇ ਜਾਇ ਪਹੁੰਚਾਇਆ ॥੧॥
ਜੀਵ ਈਸ਼ ਤੋਂ ਵਿਛੜ ਕੇ ਜਾਂ ਵਿਚ ਦੁਨੀਆ ਦੇ ਆਇਆ,
ਕਰ ਕਰ ਜਤਨ ਨਾ ਪੁਜੇ ਓਥੇ, ਮਾਇਆ ਨੇ ਪਟਕਾਇਆ।
ਤਰਸ ਖਾਏ ਗੁਰ ਕਿਰਪਾ ਕਰ ਕੇ, ਧੀਰਜ ਨਾਲ ਬਿਠਾਇਆ,
'ਕਿਰਤੀ' ਸ਼ਬਦ ਦੀ ਡੋਰੀ ਦੇ ਕੇ ਕਰਤੇ ਨਾਲ ਮਿਲਾਇਆ ॥੨॥



www.AKJ.Org

## ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਸੁਧਾਰਨ ਹਿਤ ਪੰਥਕ ਕਨਵੈਨਸ਼ਨ

ਸਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਕਈ ਤਰ੍ਹਾਂ ਦੀ ਮਨਮਤਿ, ਪਖੰਡ ਅਤੇ ਕੁਰੀਤੀਆਂ ਬੜੇ ਸਮੇਂ ਤੋਂ ਹੋ ਰਹੀਆਂ ਹਨ, ਜਿਨ੍ਹਾਂ ਨੂੰ ਵੇਖ ਕੇ ਸ਼ਰਧਾਲੂ ਸਿਖ ਦਾ ਹਿਰਦਾ ਤੜਪ ਉਠਦਾ ਹੈ।

ਅੰਗੀਠਾ ਸਾਹਿਬ ਤੇ ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਥਾਂ ਸ਼ਸਤਰਾਂ ਨੂੰ ਸਜਾਉਣਾ, ਆਲੇ ਦੁਆਲੇ ਮੂਰਤਾਂ ਰਖੀਆਂ ਹੋਣੀਆਂ, ਟਲੀਆਂ ਤੇ ਨਗਾਰੇ ਖੜਕਾ ਕੇ ਭੰਗ ਦੇ ਭੋਗ ਲਵਾਣੇ, ਦੀਵੇ ਥਾਲ ਵਿਚ ਬਾਲ ਕੇ ਉਸ ਨੂੰ ਘੁਮਾ ਘੁਮਾ ਕੇ ਆਰਤੀ ਕਰਨੀ, ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕੀਰਤਨ ਸਮੇਂ ਕੇਸਰ ਚੰਦਨ ਦੇ ਤਿਲਕ ਸਿਲਾਂ ਤੇ ਰਗੜਨੇ ਅਤੇ ਮੱਥਿਆਂ ਉਤੇ ਲਾਉਣੇ ਆਦਿ ਕਈ ਤਰ੍ਹਾਂ ਦੇ ਬ੍ਰਾਹਮਣੀ ਢੰਗ ਦੇ ਗੁਰਮਤਿ ਵਿਰੋਧੀ ਕਰਮ ਨਿਤ ਕੀਤੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਉਥੋਂ ਦਾ ਹੈਡ ਪੁਜਾਰੀ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਮੱਥੇ ਟਿਕਾਉਣਾ ਆਪਣਾ ਹੱਕ ਸਮਝੀ ਬੈਠਾ ਹੈ ਅਤੇ ਆਪਣੀ ਤਸਵੀਰ ਬਣਵਾ ਕੇ ਜਿਸ ਦੇ ਚਿਹਰੇ ਦੁਆਲੇ ਪੀਰਾਂ ਪੈਗ਼ੰਬਰਾਂ ਵਾਲਾ ਪ੍ਰਕਾਸ਼-ਚੱਕਰ ਦਿਖਾਇਆ ਗਿਆ ਹੈ, ਉਸ ਦੀ ਮਾਨਤਾ ਕਰਾਉਣ ਤੋਂ ਭੀ ਗੁਰੇਜ਼ ਨਹੀਂ ਕਰਦਾ। ਅਜਿਹੇ ਕਈ ਤਰ੍ਹਾਂ ਦੇ ਪਖੰਡ ਤੇ ਕੁਰੀਤੀਆਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਵੇਖਣ ਵਿਚ ਆ ਰਹੀਆਂ ਹਨ, ਜਿਨ੍ਹਾਂ ਨੂੰ ਰੋਕਣ ਦੀ ਡਾਢੀ ਲੋੜ ਹੈ।

ਸਾਨੂੰ ਇਹ ਜਾਣ ਕੇ ਅਤੀ ਪ੍ਰਸੰਨਤਾ ਹੋਈ ਹੈ ਕਿ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਨੂੰ ਸੁਧਾਰਨ ਲਈ ੨੭ ਅਕਤੂਬਰ ੧੯੭੬ ਨੂੰ, ਉਥੋਂ ਦੇ ਪਰਬੰਧਕ ਬੋਰਡ ਵਲੋਂ ਹਜ਼ੂਰ ਸਾਹਿਬ ਵਿਖੇ ਪੰਥਕ ਪਧਰ ਤੇ ਕਨਵੈਨਸ਼ਨ ਬੁਲਾਈ ਗਈ ਹੈ, ਜਿਸ ਵਿਚ ਸਮੂਹ ਪੰਥ ਦੇ ਨੁਮਾਇੰਦੇ ਸ਼ਾਮਲ ਹੋਣ ਦੀ ਪੂਰੀ ਸੰਭਾਵਨਾ ਹੈ। ਸਮੂੰਹ ਤਖ਼ਤ ਸਾਹਿਬਾਨ, ਸ਼੍ਰੋਮਣੀ ਕਮੇਟੀ, ਚੀਫ਼ ਖਾਲਸਾ ਦੀਵਾਨ ਅਤੇ ਪੰਥ ਦੀਆਂ ਹੋਰ ਨੁਮਾਇੰਦਾ ਸੰਸਥਾਵਾਂ ਵਲੋਂ ਇਸ ਕਨਵੈਨਸ਼ਨ ਵਿਚ ਪੁਜਣ ਲਈ ਕਾਫ਼ੀ ਹਿਲ-ਜੁਲ ਮਲੂਮ ਹੁੰਦੀ ਹੈ।

ਸਤਿਗੁਰੂ ਮਿਹਰ ਕਰਨ ਅਤੇ ਪੰਥ ਨੂੰ ਜਾਗ੍ਰਤ ਬਖ਼ਸ਼ ਕੇ ਇਸ ਅਸਥਾਨ ਦੀ ਮਰਯਾਦਾ ਦਾ ਸੁਧਾਰ ਪੂਰਨ ਗੁਰਮਤਿ ਅਨੁਸਾਰ ਕਰਵਾ ਦੇਣ। ਇਸ ਨਾਲ ਪੰਥ ਵਿਚ ਇਕ ਨਵਾਂ ਮੋੜ ਆਉਣ ਦੀ ਸੰਭਾਵਨਾ ਹੈ ਅਤੇ ਇਸ ਤੋਂ ਪਿਛੋਂ ਆਸ ਕੀਤੀ ਜਾ ਸਕਦੀ ਹੈ ਕਿ ਹੋਰ ਗੁਰ-ਅਸਥਾਨਾਂ ਵਿਖੇ ਵੀ ਜਿਥੇ ਜਿਥੇ ਕੋਈ ਕੁਰੀਤੀ ਜਾਂ ਮਨਮਤਿ ਹੋ ਰਹੀ ਹੈ, ਉਸ ਦੀ ਸੋਧ-ਸੁਧਾਈ ਵਲ ਪੰਥ ਧਿਆਨ ਦੇਵੇਗਾ।

---

## ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਰੈਣ ਸਬਾਈ ਤੇ ਸ੍ਰੀ ਅਖੰਡਪਾਠ

ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ 24–26 ਸਤੰਬਰ ਨੂੰ ਬਰਮਿੰਘਮ ਭਾਈ ਗੁਰਮੀਤ ਸਿੰਘ ਜੀ ਦੇ ਗ੍ਰਿਹਿ ਵਿਖੇ ਸ੍ਰੀ ਅਖੰਡਪਾਠ ਅਤੇ 2 ਅਕਤੂਬਰ ਦੀ ਰਾਤ ਨੂੰ ਗੁਰਦਵਾਰਾ ਸਾਹਿਬ ਬ੍ਰਿਸਟਲ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਪ੍ਰੋਗਰਾਮ ਹੋ ਚੁਕਣ ਪਿਛੋਂ ਪਰਚਾ-ਪਾਠਕਾਂ ਨੂੰ ਮਿਲੇਗਾ ਜਿਸ ਕਰਕੇ ਪ੍ਰੋਗਰਾਮਾਂ ਦਾ ਵੇਰਵਾ ਨਹੀਂ ਦਿਤਾ ਜਾ ਰਿਹਾ। ਬੇਨਤੀ ਹੈ ਕਿ ਯੂ. ਕੇ. ਦੇ ਵੀਰ ਛਪਣ ਵਾਲੇ ਪ੍ਰੋਗਰਾਮ ਕਾਫ਼ੀ ਸਮਾਂ ਪਹਿਲੋਂ ਭੇਜਿਆ ਕਰਨ।

**ਪਰਦੇਸੀ ਵੀਰ ਚੰਦਿਆਂ ਬਾਰੇ ਨੋਟ ਕਰਨ**—ਪੌਂਡ ਦੀ ਕੀਮਤ ਘਟ ਜਾਣ ਕਰਕੇ ਹਵਾਈ ਡਾਕ ਦਾ ਚੰਦਾ ਯੂ. ਕੇ. ਲਈ ਤਿੰਨ ਪੌਂਡ ਭੇਜਣ ਅਤੇ ਚੰਦਾ ਮੁਕਣ ਦੀ ਜਦੋਂ ਮੋਹਰ ਲਗਾ ਕੇ ਭੇਜੀ ਜਾਂਦੀ ਹੈ ਤਾਂ ਸਾਨੂੰ ਵਾਪਸੀ ਡਾਕੇ ਉਸ ਦੀ ਪਰਵਾਨਗੀ ਦੀ ਸੂਚਨਾ ਦੇਣ।



www.AKJ.Org

# ਭਾਈ ਮਨੀਸਿੰਘ ਜੀ ਦੇ ਸ਼ਹੀਦੀ ਦਿਹਾੜੇ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ

ਭਾਈ ਮੰਗਲ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਪਿੰਡ ਢੁਡੀਆਂ ਵਾਲਾ ਵਿਖੇ ਸ਼ਹੀਦੀ ਲੜੀ ਦੇ ਦਿਵਸ ਮਨਾਉਂਦਿਆਂ ਹੋਇਆਂ ੨੬ ਅਕਤੂਬਰ ਮੰਗਲਵਾਰ ਦੀ ਰਾਤ ਨੂੰ ੮ ਵਜੇ ਰੈਣ ਸਬਾਈ ਕੀਰਤਨ ਅਰੰਭ ਹੋ ਕੇ ੨੭ ਅਕਤੂਬਰ ਬੁਧਵਾਰ ਸਵੇਰੇ ੬ ਵਜੇ ਭੋਗ ਪੈਣਗੇ ਅਤੇ ਇਸੇ ਰਾਤ ਨੂੰ ਅੰਮ੍ਰਿਤ-ਸਿੰਚਾਰ ਸਮਾਗਮ ਹੋਣਗੇ । ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

ਢੁੱਡੀਆਂ ਵਾਲਾ ਕਪੂਰਥਲਾ ਤੋਂ ਚਾਰ ਮੀਲ, ਸੁਲਤਾਨਪੁਰ ਰੋਡ, ਬਰਾਸਤਾ ਪਾਜੀਆਂ ਵਾਲੀ ਸੜਕ ਤੇ ਹੈ ।

ਦਾਸਰੇ—ਅਖੰਡ ਕੀਰਤਨੀ ਜੱਥਾ, ਢੁਡੀਆਂ ਵਾਲਾ (ਕਪੂਰਥਲਾ)

---

# ਪਿੰਡ ਬਰਨਾ (ਫਗਵਾੜਾ) ਵਿਖੇ ਗੁਰਮਤਿ ਪਰਚਾਰ ਤੇ ਰੈਣ ਸਬਾਈ

ਦੀਵਾਲੀ ਤੋਂ ਦੂਸਰੇ ਦਿਨ ਸ਼ਨੀਵਾਰ ੨੩ ਅਕਤੂਬਰ ਦੀ ਰਾਤ ਨੂੰ ਪਿੰਡ ਬਰਨਾ ਵਿਖ਼ੇ ਅਖੰਡ ਕੀਰਤਨ ਦੇ ਸਮਾਗਮ ਹੋ ਰਹੇ ਹਨ । ਪਿੰਡ ਗੁਰਮਤਿ ਪਰਚਾਰ ਵਲੋਂ ਕਾਫੀ ਪਛੜਿਆ ਹੋਇਆ ਹੈ । ਸੋਦਰ ਦੇ ਪਾਠ ਤੋਂ ਪਿਛੋਂ ਲੋਕਲ ਕੀਰਤਨ ਉਪਰੰਤ "ਨਸ਼ਿਆਂ ਦੇ ਮਾਰੂ ਰੋਗ" ਬਾਰੇ ਪ੍ਰਭਾਵਸ਼ਾਲੀ ਲੈਕਚਰ ਹੋ ਕੇ ਠੀਕ ਨੌਂ ਵਜੇ ਰਾਤ ਰੈਣ ਸਬਾਈ ਕੀਰਤਨ ਅਰੰਭ ਹੋ ਜਾਣਗੇ । ਸਮੂਹ ਅਖੰਡ ਕੀਰਤਨੀ ਜਥੇ ਅਤੇ ਗੁਰੂ-ਸਜਾਈਆਂ ਗੁਰਸਿਖ ਬੀਬੀਆਂ ਤੇ ਸਿੰਘ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਨਿਵਾਜੋ ਜੀ ।

ਬਰਨਾ ਫਗਵਾੜੇ ਤੋਂ ਪੰਜ ਕਿਲੋ ਮੀਟਰ ਹੈ ਅਤੇ ਬੱਸ ਅੱਡੇ ਤੋਂ ਹਰ ਵਕਤ ਟਾਂਗਾ ਟੈਂਪੂ ਮਿਲਦੇ ਹਨ । ਇਸੇ ਅਡੇ ਤੋਂ ਸੰਗਤਾਂ ਲਈ ਇਕ ਟਰਾਲੀ ਅਠ ਵਜੇ ਸ਼ਾਮ ਚਲੇਗੀ ।

ਦਾਸਰੇ—ਅਖੰਡ ਕੀਰਤਨੀ ਜਥਾ ਫਗਵਾੜਾ ਤੇ ਗੁਰਾਇਆ

---

# ਪਿੰਡ ਦਿਆਲਪੁਰ ਵਿਖੇ ਅੰਮ੍ਰਿਤ-ਸਿੰਚਾਰ ਤੇ ਰੈਣ ਸਬਾਈ ਕੀਰਤਨ

ਮਾ: ਗੁਰਬਚਨ ਸਿੰਘ ਜੀ ਦਿਆਲਪੁਰ (ਨੇੜੇ ਕਰਤਾਰਪੁਰ ਜੀ. ਟੀ. ਰੋਡ) ਇਤਲਾਹ ਦਿੰਦੇ ਹਨ ਕਿ ਗੁਰਦਵਾਰਾ ਪਡਿਆਂ ਵਾਲਾ ਦਿਆਲਪੁਰ ਵਿਖੇ ਪੰਜ ਸ੍ਰੀ ਅਖੰਡਪਾਠ ਹੋ ਰਹੇ ਹਨ । ੧੫ ਅਕਤੂਬਰ ਸ਼ੁਕਰਵਾਰ ਸਵੇਰੇ ੭ ਤੋਂ ੧੦ ਕੀਰਤਨ ਖੁਲ੍ਹੇ ਪੰਡਾਲ ਵਿਚ ਹੋਣਗੇ । ਸ਼ਨੀਵਾਰ ਸਵੇਰੇ ਪੰਜਵੇਂ ਅਖੰਡਪਾਠ ਦੇ ਭੋਗ ਉਪਰੰਤ ਦੋ ਵਜੇ ਦੁਪਹਿਰ ਤਕ ਕੀਰਤਨ ਹੋਣਗੇ । ੬ ਵਜੇ ਸ਼ਾਮ ਅੰਮ੍ਰਿਤ-ਸਿੰਚਾਰ ਸਮਾਗਮ ਹੋਣਗੇ ਅਤੇ ੮ ਵਜੇ ਰਾਤ ਰੈਣ-ਸਬਾਈ ਕੀਰਤਨ ਅਰੰਭ ਹੋਣਗੇ, ਜਿਸ ਦੀ ਸਮਾਪਤੀ ਐਤਵਾਰ ਸਵੇਰੇ ਹੋਵੇਗੀ । ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰਨ ਲਈ ਪੁਜ ਰਹੇ ਹਨ । ਸ਼ਨੀਵਾਰ ਸ਼ਾਮ ਨੂੰ ਜਲੰਧਰ ਨਵੇਂ ਅੱਡੇ ਤੋਂ ਸ਼ਾਮ ਦੇ ਸਾਢੇ ਛੇ ਵਜੇ ਟਰੱਕ ਜਾਂ ਟਰਾਲੀ ਚਲੇਗੀ । ਸਮੂੰਹ ਸੰਗਤਾਂ ਦਰਸ਼ਨ ਦੀਦਾਰ ਬਖ਼ਸ਼ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ ।

ਦਾਸਰੇ—ਇਲਾਕਾ ਦਿਆਲਪੁਰ ਤੇ ਕਰਤਾਰਪੁਰ

---

# ਪਿੰਡ ਤੇਂਹਿਗ (ਫ਼ਲੋਰ) ਵਿਖੇ ਕੀਰਤਨ ਰੈਣ ਸਬਾਈ

ਸ: ਤੇਜਾ ਸਿੰਘ ਜੀ ਸਪੁਤਰ ਸ: ਕੇਸਰ ਸਿੰਘ ਜੀ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਤੇਂਹਿਂਗ (ਫ਼ਲੌਰ) ਜ਼ਿਲਾ ਜਲੰਧਰ ਵਿਖੇ ੯ ਅਕਤੂਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਫਲੌਰ ਤੋਂ ਰਿਕਸ਼ਾ ਟੈਂਪੂ ਆਦਿ ਮਿਲ ਜਾਂਦੇ ਹਨ । ਸਮੂਹ ਸੰਗਤਾਂ ਦਰਸ਼ਨ ਦੇ ਕੇ ਕਿਰਤਾਰਥ ਕਰਨ ।



www.AKJ.Org

# ਜਲੰਧਰ ਸ਼ਹਿਰ ਵਿਖੇ ਨਿਰੰਕਾਰੀ ਗੁਰਪੁਰਬ ਸਮੇਂ ਕੀਰਤਨ ਸਮਾਗਮ

## ੪ ਨਵੰਬਰ ਵੀਰਵਾਰ ਸਵੇਰ ਤੋਂ ੭ ਨਵੰਬਰ ੧੯੭੬ ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼-ਉਤਸ਼ਵ ਦੇ ਸਬੰਧ ਵਿਚ ਜਲੰਧਰ ਸ਼ਹਿਰ ਵਿਖੇ ਮਹਾਨ ਕੀਰਤਨ ਸਮਾਗਮ ਹੋ ਰਹੇ ਹਨ। ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਪਰਵਾਰਾਂ ਸਮੇਤ ਦਰਸ਼ਨ ਦੀਦਾਰੇ ਬਖ਼ਸ਼ ਕੇ ਲਾਭ ਪ੍ਰਾਪਤ ਕਰੋ ਜੀ।

### ਪ੍ਰੋਗਰਾਮ :-

੪ ਨਵੰਬਰ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਉਪਰੰਤ 5 ਵਜੇ ਸ੍ਰੀ ਅਖੰਡ ਪਾਠ ਅਰੰਭ
੫ ,, ਸਵੇਰੇ ੫ ਤੋਂ ੧੨ ਤਕ ਅਖੰਡ ਕੀਰਤਨ
੬ ,, ਸਵੇਰੇ ੪-੩੦ ਭੋਗ ਸ੍ਰੀ ਅਖੰਡ ਪਾਠ, ਉਪਰੰਤ ਅਖੰਡ ਕੀਰਤਨ ਦੁਪਹਿਰ ਤਕ
ਅੰਮ੍ਰਿਤ ਸਿੰਚਾਰ—੬ ਨਵੰਬਰ ਸ਼ਾਮ ੪ ਵਜੇ ਮਿੰਟਗੁਮਰੀ ਖਾਲਸਾ ਹਾਇਰ ਸੈਕੰਡਰੀ ਸਕੂਲ ਵਿਖੇ
ਰੈਣ-ਸਬਾਈ ਕੀਰਤਨ—੬ ਨਵੰਬਰ ਰਾਤ ੮ ਵਜੇ ਅਰੰਭ, ਭੋਗ ਐਤਵਾਰ ਸਵੇਰੇ

ਨੋਟ :- ੧. ਸਾਰਾ ਪ੍ਰੋਗਰਾਮ, ਰਿਹਾਇਸ਼ ਤੇ ਲੰਗਰ ਮਿੰਟਗੁਮਰੀ ਖਾ: ਹਾ: ਸੈਕੰਡਰੀ ਸਕੂਲ ਵਿਖੇ ਹੋਵੇ ਗਾ।
੨. ਬਿਸਤਰੇ ਲੋੜ ਅਨੁਸਾਰ ਲਿਆਉਣੇ ਜ਼ਰੂਰੀ ਹਨ ਜੀ।

ਦਰਸ਼ਨ ਅਭਲਾਖੀ ਦਾਸਰੇ—ਅਖੰਡ ਕੀਰਤਨੀ ਜੱਥਾ, ਜਲੰਧਰ

---

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਛੇ ਪਾਠਕਾਂ ਵਲੋਂ ਅਮਾਨਤੀ ਲਾਈਫ਼ ਮੈਂਬਰੀ ਸਕੀਮ ਦੇ ਮਤਹਿਤ ਸੌ ਸੌ ਰੁਪਏ ਅਤੇ ਸਰਦਾਰ ਏ. ਐਸ. ਨਾਰੰਗ, ਥਾਈਲੈਂਡ ਵਲੋਂ ਪੰਜ ਸੌ ਰੁਪਏ ਪੁਜੇ ਹਨ। ਸਾਰੀਆਂ ਰਕਮਾਂ ਬੈਂਕ ਵਿਚ ਜਮ੍ਹਾਂ ਕਰਾ ਕੇ ਪਾਠਕਾਂ ਦੇ ਨਾਵਾਂ ਦੀਆਂ ਐਫ. ਡੀਆਂ. ਬਣਵਾ ਦਿਤੀਆਂ ਗਈਆਂ ਹਨ। ਪਾਠਕਾਂ ਦਾ ਨਾਂ, ਚਿਟ ਨੰਬਰ ਅਤੇ ਐਫ. ਡੀ. ਨੰਬਰ, ਸਣੇ ਤਰੀਕਾਂ ਦੇ ਹੇਠ ਦਿਤੇ ਜਾਂਦੇ ਹਨ :—

| | | | |
|---|---|---|---|
| 153. ਸ: ਸਰਦਾਰ ਸਿੰਘ ਬਖ਼ਸ਼ੀ | [ਚਿਟ ਨੰਬਰ 1876] | 210699/1571/76 | ਮਿਤੀ 22.9.76. |
| 154. ਡਾ: ਅਵਤਾਰ ਸਿੰਘ ਜੀ | [ ,, ,, 1066] | 210700/1572/76 | ,, |
| 155. ਸ: ਦੇਵਿੰਦਰ ਸਿੰਘ ਜੀ | [ ,, ,, 656] | 210701/1573/76 | ,, |
| 156. ਸ: ਹਰਬੰਸ ਸਿੰਘ ਜੀ ਤੇਗ | [ ,, ,, 866] | 210702/1574/76 | ,, |
| 157. ਸ: ਹਰਮਿੰਦਰ ਸਿੰਘ ਜੀ | [ ,, ,, 1263] | 210703/1575/76 | ,, |
| 158. ਸ. ਏ. ਐਸ. ਨਾਰੰਗ | [ ,, ,, 2 55] | 210704/1576/76 | ,, |
| 159. Capt. (Miss) R Kalra | [ ,, ,, 1763] | 210712/1584/76 | ਮਿਤੀ 23.9.76. |

ਇਸ ਬੀਬੀ ਨੂੰ ਇਹ ਪਰਚਾ ਆਯੂ ਪਰਯੰਤ ਪੜ੍ਹਨ ਲਈ ਦਾਜ ਵਿਚ ਦਿਤਾ ਜਾ ਰਿਹਾ ਹੈ।

ਸਾਲ ਦੇ ਸਾਲ ਚੰਦਾ ਭੇਜਣ ਦੀ ਖੇਚਲ ਤੋਂ ਬਚਣ ਲਈ ਇਕ ਵਾਰ 100/- ਭੇਜਕੇ ਅਮਾਨਤੀ ਲਾਈਫ਼ ਮੈਂਬਰ ਬਣ ਜਾਓ। ਇਹ ਰਕਮ ਸਦਾ ਆਪ ਦੀ ਅਮਾਨਤ ਹੈ, ਕੇਵਲ ਰਕਮ ਦਾ ਸੂਦ 'ਸੂਰਾ' ਪੱਤਰ ਨੇ ਲੈਣਾ ਹੈ।

# ਪਰਦੇਸਾਂ ਲਈ ਅਮਾਨਤੀ ਲਾਈਫ਼ ਮੈਂਬਰੀ ਦੀ ਰਕਮ

ਸਮੁੰਦਰੀ ਡਾਕ ਰਾਹੀਂ-ਸਭ ਦੇਸਾਂ ਲਈ 250/- ਹਵਾਈ ਡਾਕ--ਮਲਾਇਆ, ਸਿੰਘਾਪੁਰ ਤੇ ਅਰਬ 500/-
ਹਵਾਈ ਡਾਕ— ਯੂ. ਕੇ. ਅਫ਼ਰੀਕਾ ਲਈ 650/- ਅਮਰੀਕਾ, ਕੈਨੇਡਾ ਆਦਿ 750/-

www.AKJ.Org

# ਆਗਰੇ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## ੨੧ ਅਕਤੂਬਰ ਵੀਰਵਾਰ ਤੋਂ ੨੪ ਅਕਤੂਬਰ ੧੯੭੬ ਐਤਵਾਰ ਸਵੇਰ ਤਕ

ਗੁਰੂ ਸਚੇ ਪਾਤਸ਼ਾਹ ਦੀ ਕਿਰਪਾ ਦੁਆਰਾ ਆਗਰਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ਜੁੜ ਰਹੇ ਹਨ,ਜਿਸ ਵਿਚ ਗੁਰਪੁਰ ਵਾਸੀ ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਭਾਰਤ ਭਰ ਤੋਂ ਪੁਜ ਰਹੇ ਹਨ। ਸਮੂਹ ਗੁਰਮੁਖ ਵੀਰ ਭੈਣਾਂ ਹੁਮ ਹੁਮਾ ਕੇ ਦਰਸ਼ਨ ਦੀਦਾਰ ਬਖਸ਼ੋ ਅਤੇ ਕੀਰਤਨ ਦੇ ਛਾਂਦੇ ਭੁੰਚ ਕੇ ਜਨਮ ਸਫਲਾ ਕਰੋ ਜੀ।

### ਪ੍ਰੋਗਰਾਮ :-

| | | |
|---|---|---|
| ੨੧ ਅਕਤੂਬਰ | ੬ ਤੋਂ ੯ ਸ਼ਾਮ ਸੋਦਰ ਤੇ ਕੀਰਤਨ | ਗੁ: ਸ੍ਰੀ ਗੁਰੂ ਸਿੰਘ ਸਭਾ ਮਾਈ ਥਾਨ ਵਿਖੇ |
| ੨੨ ,, | ੫ ਤੋਂ ੧੧॥ ਸਵੇਰੇ ਅਖੰਡ ਕੀਰਤਨ | ਗੁ: ਕਲਗੀਧਰ, ਸਦਰ ਬਜ਼ਾਰ, ਆਗਰਾ ਛਾ: |
| | ੫॥ ਤੋਂ ੭॥ ਸ਼ਾਮ ਸੋਦਰ ਦੀ ਚੌਕੀ | ਗੁ: ਬਾਲੂਗੰਜ, ਆਗਰਾ |
| ੨੩ ,, | ੫ ਤੋਂ ੧੧॥ ਸਵੇਰੇ ਅਖੰਡ ਕੀਰਤਨ | ਗੁ: ਗੁਰੂ ਕਾ ਤਾਲ, ਆਗਰਾ |

ਅੰਮ੍ਰਿਤ-ਸਿੰਚਾਰ—੨੩ ਅਕਤੂਬਰ ਨੂੰ ਦੋ ਵਜੇ ਦੁਪਹਿਰ ਗੁਰਦੁਆਰਾ ਕਾਛੀਪੁਰਾ ਆਗਰਾ ਛਾਉਣੀ ਵਿਖੇ

ਰੈਣ ਸਬਾਈ ਕੀਤਰਨ—੨੩ ਦੀ ਰਾਤ ਨੂੰ ਗੁਰਦੁਆਰਾ ਕਾਛੀਪੁਰਾ (ਰੇਲਵੇ ਇਨਸਟੀਚੀਊਟ) ਵਿਖੇ

ਨੋਟ :- ੧. ਰਿਹਾਇਸ਼ ਤੇ ਲੰਗਰ ਰੇਲਵੇ ਇਨਸਟੀਚੀਊਟ (ਸਟੇਸ਼ਨ ਨੇੜੇ) ਹੋਵੇਗਾ।
੨. ਬਾਹਰੋਂ ਆਉਣ ਵਾਲੀਆਂ ਸੰਗਤਾਂ ਲੁੜੀਂਦੇ ਬਿਸਤਰੇ ਨਾਲ ਜ਼ਰੂਰ ਲਿਆਉਣ ਜੀ।

ਪੁਛ ਗਿਛ : C/o W.O. ਹਰਪਾਲ ਸਿੰਘ
ਮਕਾਨ ਨੰ: ੪੫੪/੬ ਨੰਬਰ ੪ ਏਰੀਆ
ਏਅਰ ਫ਼ੋਰਸ ਸਟੇਸ਼ਨ, ਆਗਰਾ-੮

ਦਰਸ਼ਨ ਅਭਿਲਾਸ਼ੀ ਦਾਸਰੇ :
ਅਖੰਡ ਕੀਰਤਨ ਜੱਥਾ, ਆਗਰਾ

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | ੬-੦੦ | ਗੁਰਮਤਿ ਗੌਰਵਤਾ | ੭-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਰਮਜ਼ਾਂ | ੧-੩੦ | ਅੰਮ੍ਰਿਤ ਕੀ ਹੈ ? | ੨-੦੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੩੫ | ਅੰਮ੍ਰਿਤ ਕਲਾ | ੦-੪੦ |
| ਗੁਰਬਾਣੀ ਦੀ ਪਾਰਸ-ਕਲਾ | ੦-੩੫ | ਸਿਖ ਕੌਣ ਹੈ ? | ੦-੨੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੨੦ | ਸੱਚੀਆਂ ਦਾੜ੍ਹੀਆਂ | ੦-੨੦ |
| ਸਿੰਘਾਂ ਦਾ ਪੰਥ ਨਿਰਾਲਾ | ੦-੨੫ | ਉਮਰ ਕੈਦੀ ਦਾ ਸੁਪਨਾ | ੦-੨੫ |

"ਗੁਰਮਤਿ ਨਾਮ ਅਭਿਆਸ ਕਮਾਈ" ਪੁਸਤਕ ਛਪ ਰਹੀ ਹੈ। ਇਸ ਪੁਸਤਕ ਦੀ ਭੇਟਾ ਘਟ ਕਰਨ ਲਈ ਜੇ ਕੋਈ ਪ੍ਰੇਮੀ ਸਹਾਇਤਾ ਭੇਜਣਾ ਚਾਹੇ ਤਾਂ ਹੇਠ ਲਿਖੇ ਪਤੇ ਤੇ ਭੇਜੇ ਜੀ।

ਹੋਰ ਪੁਸਤਕਾਂ ਭਾਈ ਸਾਹਿਬ ਜੀ ਲਿਖਤ ਜਿਉਂ ਜਿਉਂ ਛਪਦੀਆਂ ਜਾਣਗੀਆਂ, 'ਸੂਰਾ ਪੱਤਰ' ਰਾਹੀਂ ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਚਿਠੀ ਪੱਤਰ ਤੇ ਪੁਸਤਕਾਂ ਲਈ ਪਤਾ :

ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126 ਮਾਡਲ ਟਾਊਨ, ਲੁਧਿਆਣਾ।

www.AKJ.Org